# ਪੰਜਾਬ ਰਾਜ ਬਿਜਲੀ ਬੋਰਡ

## ਕਾਰੋਬਾਰ ਸੰਚਾਲਣ ਦੇ ਵਿਨਿਯਮ, 1980

ਲੋਗੋ

( ਰੀਪ੍ਰਿੰਟ )

( ____________ ਤੱਕ ਸੋਧਾਂ ਸਹਿਤ )

ਪ੍ਰਕਾਸ਼ਕ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

# ਵਿਸ਼ਾ ਸੂਚੀ


| ਵਿਨਿਯਮ ਨੰ: | ਵੇਰਵੇ | ਪੰਨਾ ਨੰ: |
|---|---|---|
| 1. | ਸੰਖੇਪ ਸਿਰਲੇਖ ਅਤੇ ਆਰੰਭ | 1 |
| 2 | ਪਰਿਭਾਸ਼ਾਵਾਂ | 1 - 2 |
| 3 | ਭਾਗ - 1 ਕਾਰਜਾਂ ਦਾ ਨਿਪਟਾਰਾ | 2 |
| 4 | - ਉਹੀ - | 2 |
| 5 | - ਉਹੀ - | 3 |
| 6 | - ਉਹੀ - | 3 |
| 7 | - ਉਹੀ - | 3 |
| 8 | - ਉਹੀ - | 3 |
| 9 | - ਉਹੀ - | |
| 10 | ਭਾਗ - II ਬੋਰਡ ਦੀ ਕਾਰਵਾਈ | 3 |
| 11 | - ਉਹੀ - | 4 |
| 12 | - ਉਹੀ - | 4 |
| 13 | - ਉਹੀ - | 4 |
| 14 | - ਉਹੀ - | 4 |
| 15 | - ਉਹੀ - | |
| | ਭਾਗ - III ਕਾਰਜ ਦਾ ਵਿਭਾਗੀ ਨਿਪਟਾਰਾ | 4 |
| | ੳ - ਜਨਰਲ | 4 |
| 16 | - ਉਹੀ - | 4 |
| 17 | - ਉਹੀ - | 4 |
| 18 | - ਉਹੀ - | |
| | ਅ - ਵਿਤ ਸੈਕਸ਼ਨ | 5 |
| 19 | - ਉਹੀ - | 5 |
| 20 | - ਉਹੀ - | 5 |
| 21 | - ਉਹੀ - | 5 |
| 22 | - ਉਹੀ - | |
| | ੲ - ਕਾਨੂੰਨੀ ਸੈਕਸ਼ਨ | 5 - 6 |
| 23 | - ਉਹੀ - | 6 |
| 24 | - ਉਹੀ - | 6 |
| 25 | - ਉਹੀ - | 6 |
| 26 | - ਉਹੀ - | 6 |
| 27 | - ਉਹੀ - | 7 |
| 28 | ਵਿਆਖਿਆ | |
| ਅਨੁਸੂਚੀਆਂ ਅੰਤਿਕਾਵਾਂ | ਅਨੁਸੂਚੀਆਂ | |
| 1 | ਪਹਿਲੀ ਅਨੁਸੂਚੀ | 8 - 10 |
| 2 | ਦੂਜੀ ਅਨੁਸੂਚੀ | 10 - 12 |

| ਵਿਨਿਯਮ ਨੰ: | ਵੇਰਵੇ | ਪੰਨਾ ਨੰ: |
|---|---|---|
| | **ਅੰਤਿਕਾਵਾਂ** | |
| ੳ | ਮੁਕੱਦਮੇ ਦੀ ਪੜਤਾਲ ਸ਼ੁਰੂ ਕਰਵਾਉਣੀ ਅਤੇ ਬਚਾਓ ਲਈ ਕੰਟਰੋਲਿੰਗ ਅਧਿਕਾਰੀ ਅਤੇ ਕਾਰਜਵਿਧੀ | 13 - 14 |
| ਅ | ਮੰਨਜ਼ੂਰੀ ਲਈ ਪ੍ਰਫਾਰਮਾ | 15 |
| ੲ | ਦ/ ਆ. ਨੰ: 8623/ਸੀ - 1 ਮਿਤੀ 22.5.2000 | |
| | **ਦਫਤਰੀ ਆਦੇਸ਼** | |
| 1 | ਦ/ ਆ. ਨੰ. 4353 / ਪੰ. ਰਾ. ਬਿ. ਬੋ. / ਬੀ ਡੀ - 639 ਮਿਤੀ 25.11.80 | 17 |
| 2 | ਦ/ ਆ. ਨੰ. 4356 / ਪੰ. ਰਾ. ਬਿ. ਬੋ. / ਬੀ ਡੀ - 639 ਮਿਤੀ 27.1.81 | 18 |

# ਪੰਜਾਬ ਰਾਜ ਬਿਜਲੀ ਬੋਰਡ

**ਦਫਤਰੀ ਆਦੇਸ਼ ਨੰ : 4348 / ਪੰ. ਰਾ. ਬਿ. ਬੋ.** **ਮਿਤੀ : 3. 9. 1980**

## ਕਾਰੋਬਾਰ (Business) ਦੇ ਵਿਨਿਯਮ

ਆਦੇਸ਼ ਨੰ: 3098 / ਪੰ. ਰਾ. ਬਿ. ਬੋ. ਮਿਤੀ : 1. 12.1967 ਅਤੇ ਸਮੇਂ ਸਮੇਂ ਉਤੇ ਕੀਤੇ ਗਏ ਉਸ ਵਿੱਚ ਵੱਖ ਵੱਖ ਹੋਰ ਵਾਧੇ / ਤਬਦੀਲੀਆਂ ਦੀ ਅਧਿਲੰਘਣਾ ਵਿੱਚ, ਪੰਜਾਬ ਰਾਜ ਬਿਜਲੀ ਬੋਰਡ ਬਿਜਲੀ (ਸਪਲਾਈ) ਐਕਟ, 1948 (1948 ਦਾ LIV) ਦੀ ਧਾਰਾ 79 ਦੇ ਖੰਡ (ਚ) ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ ਨਿਮਨ ਦਰਜ ਵਿਨਿਯਮ ਬਣਾਉਣ ਵਿੱਚ ਪ੍ਰਸ਼ੰਸਾ ਅਨੁਭਵ ਕਰਦਾ ਹੈ : –

### ਸੰਖੇਪ ਸਿਰਲੇਖ ਅਤੇ ਆਰੰਭ

1. ਇਨ੍ਹਾਂ ਵਿਨਿਯਮਾਂ ਨੂੰ "ਪੰਜਾਬ ਰਾਜ ਬਿਜਲੀ ਬੋਰਡ ਕਾਰੋਬਾਰ ਸੰਚਾਲਣ ਦੇ ਵਿਨਿਯਮ, 1980" ਕਿਹਾ ਜਾਵੇਗਾ। ਇਹ ਵਿਨਿਯਮ ਤੁਰੰਤ ਲਾਗੂ ਹੋਣਗੇ।

### ਪਰਿਭਾਸ਼ਾਵਾਂ

2. (i) ਇਨ੍ਹਾਂ ਵਿਨਿਯਮਾਂ ਵਿੱਚ ਜਦੋਂ ਤੱਕ ਵਿਸ਼ੇ ਜਾਂ ਪ੍ਰਸੰਗ ਅੰਦਰ ਕੋਈ ਵਿਰੋਧ ਨਾ ਹੋਵੇ : –

(ੳ) **'ਐਕਟ'** ਦਾ ਅਰਥ ਬਿਜਲੀ ( ਸਪਲਾਈ ) ਐਕਟ, 1948 ( 1948 ਦਾ LIV ) ਹੈ ਅਤੇ ਇਸ ਵਿੱਚ ਸਮੇਂ ਸਮੇਂ ਤੇ ਉਨ੍ਹਾਂ ਦੀ ਕੋਈ ਕਾਨੂੰਨੀ ਸੋਧ, ਤਰਮੀਮ ਜਾਂ ਪੁਨਰ ਅਧਿਨਿਯਮਣ ਸ਼ਾਮਲ ਹੈ।

(ਅ) **'ਸਰਕਾਰ'** ਦਾ ਅਰਥ ਪੰਜਾਬ ਰਾਜ ਦੀ ਸਰਕਾਰ ਤੋਂ ਹੈ।

(ੲ) **'ਬੋਰਡ'** ਦਾ ਅਰਥ ਐਕਟ ਦੀ ਧਾਰਾ 5 ਅਧੀਨ ਸਰਕਾਰ ਦੁਆਰਾ ਸਥਾਪਤ ਕੀਤਾ ਗਿਆ ਪੰਜਾਬ ਰਾਜ ਬਿਜਲੀ ਬੋਰਡ ਹੈ ਅਤੇ ਇਸ ਵਿੱਚ ਇਸ ਦੇ ਉਤਰਾਧਿਕਾਰੀ ਅਤੇ ਸਪੁਰਦਾਰ ਵੀ ਸ਼ਾਮਲ ਹੋਣਗੇ।

(ਸ) **'ਚੇਅਰਮੈਨ'** ਦਾ ਅਰਥ ਐਕਟ ਦੀ ਧਾਰਾ 5 ਦੀ ਉਪ ਧਾਰਾ (5) ਅਧੀਨ ਸਰਕਾਰ ਦੁਆਰਾ ਵਿਧੀ ਪੂਰਵਕ ਨਿਯੁਕਤ ਕੀਤਾ ਗਿਆ ਚੇਅਰਮੈਨ ਹੈ ਅਤੇ ਇਸ ਵਿੱਚ ਐਕਟ ਦੀ ਧਾਰਾ 11 ਅਧੀਨ ਨਿਯੁਕਤ ਕੀਤਾ ਗਿਆ ਕਾਇਮ ਮੁਕਾਮ ਚੇਅਰਮੈਨ ਵੀ ਸ਼ਾਮਲ ਹੈ।

(ਹ) **'ਮੈਂਬਰ'** ਦਾ ਅਰਥ ਐਕਟ ਦੀ ਧਾਰਾ 5 ਦੀ ਉਪ ਧਾਰਾ (2) ਅਧੀਨ ਵਿਧੀ ਪੂਰਵਕ ਨਿਯੁਕਤ ਕੀਤਾ ਗਿਆ ਮੈਂਬਰ ਹੈ ਅਤੇ ਇਸ ਵਿੱਚ ਐਕਟ ਦੀ ਧਾਰਾ 11 ਅਧੀਨ ਨਿਯੁਕਤ ਕੀਤਾ ਗਿਆ ਕਾਇਮ ਮੁਕਾਮ ਮੈਂਬਰ ਵੀ ਸ਼ਾਮਲ ਹੈ।

(ਕ) **'ਕਾਨੂੰਨੀ ਸਲਾਹਕਾਰ'** ਦਾ ਅਰਥ ਸਮੇਂ ਸਮੇਂ 'ਤੇ ਨਿਯੁਕਤ ਕੀਤਾ ਗਿਆ ਬੋਰਡ ਦਾ ਕਾਨੂੰਨੀ ਸਲਾਹਕਾਰ ਹੈ।

(ਖ) **'ਸੈਕਸ਼ਨ'** ਦਾ ਅਰਥ ਇੱਕ ਵਿਸ਼ੇਸ਼ ਵਿਸ਼ੇ ਨੂੰ ਡੀਲ ਕਰ ਰਹੀ ਬੋਰਡ ਦੇ ਮੁੱਖ ਦਫਤਰ ਵਿੱਚ ਸਥਾਪਤ ਕੀਤੀ ਗਈ ਪ੍ਰਸ਼ਾਸਨ ਦੀ ਸ਼ਾਖਾ ਹੈ।

(ਗ) **'ਅਨੁਸੂਚੀ'** ਦਾ ਅਰਥ ਇਸ ਵਿਨਿਯਮ ਨਾਲ ਨੱਥੀ ਕੀਤੀ ਗਈ ਅਨੁਸੂਚੀ ਹੈ।

(ਘ) **'ਮੁਕੱਦਮੇ'** ਦਾ ਅਰਥ ਬੋਰਡ ਦੁਆਰਾ ਜਾਂ ਵਿਰੁੱਧ ਜਾਂ ਬੋਰਡ ਨੂੰ ਜਾਂ ਬੋਰਡ ਦੇ ਕਰਮਚਾਰੀ ਨੂੰ ਉਸ ਦੀ ਦਫਤਰੀ ਸਮਰੱਥਾ ਵਿੱਚ ਪ੍ਰਭਾਵਤ ਕਰਦੇ ਮੁਕੱਦਮੇ ਤੋਂ ਹੈ ਜਾਂ ਜਿਹੜਾ ਕਿ ਬੋਰਡ ਦੇ ਕਰਮਚਾਰੀ ਦੁਆਰਾ ਬੋਰਡ ਦੇ ਖਰਚੇ ਉਤੇ ਪੇਸ਼ ਕੀਤਾ ਜਾਂਦਾ ਹੈ ਜਾਂ ਸਫਾਈ ਪੇਸ਼ ( defended ) ਕੀਤੀ ਜਾਂਦੀ ਹੈ ਅਤੇ ਇਸ ਵਿੱਚ ਦੁਹਰਾਓ ਜਾਂ ਪੜਚੋਲ ਜਾਂ ਡਿਗਰੀ ਦੀ ਤਾਮੀਲੀ ਲਈ ਜਾਂ ਕਿਸੇ ਕਿਸਮ ਦੀ ਵੀ ਕਾਨੂੰਨੀ ਕਾਰਵਾਈ ਲਈ ਅਪੀਲ ਅਤੇ ਬਿਨੈ ਪੱਤਰ ਸ਼ਾਮਲ ਹੈ ਜਿਸ ਵਿੱਚ ਬੋਰਡ ਜਾਂ ਬੋਰਡ ਦਾ ਕਰਮਚਾਰੀ ਆਪਣੀ ਦਫਤਰੀ ਸਮਰੱਥਾ ਵਿੱਚ ਪਾਰਟੀ ਹੈ ਜਾਂ ਕੋਈ ਹਿਤ ਹੋਵੇ।

(ii) ਇਨ੍ਹਾਂ ਵਿਨਿਯਮਾਂ ਵਿੱਚ ਵਰਤੇ ਗਏ ਵਾਕਅੰਸ਼ ਅਤੇ ਪ੍ਰਗਟਾਓ ਦਾ ਉਹੀ ਅਰਥ ਹੋਵੇਗਾ ਜੋ ਉਨ੍ਹਾਂ ਨੂੰ ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਭਾਰਤੀ ਬਿਜਲੀ ਐਕਟ, 1910, ( 1910 ਦਾ ਐਕਟ IX ), ਭਾਰਤੀ ਬਿਜਲੀ ਨਿਯਮ, 1956, ਬਿਜਲੀ ( ਸਪਲਾਈ ) ਐਕਟ 1948 ( 1948 ਦਾ ਐਕਟ LIV ) ਅਤੇ ਉਨ੍ਹਾਂ ਅਧੀਨ ਬਣਾਏ ਗਏ ਨਿਯਮਾਂ ਅਧੀਨ ਕ੍ਰਮਵਾਰ ਦਿੱਤਾ ਗਿਆ ਹੈ।

## ਭਾਗ – 1
## ਕਾਰਜਾਂ ਦਾ ਨਿਪਟਾਰਾ

3. ਬੋਰਡ ਇਨ੍ਹਾਂ ਵਿਨਿਯਮਾਂ ਅਨੁਸਾਰ ਇਸ ਦੀ ਤਰਫੋਂ ਜਾਰੀ ਕੀਤੇ ਗਏ ਸਾਰੇ ਕਾਰਜਕਾਰੀ ਆਦੇਸ਼ਾਂ ਲਈ ਸਮੂਹਕ ਰੂਪ ਵਿੱਚ ਜਿੰਮੇਵਾਰ ਹੋਵੇਗਾ ।

4. (i) ਇਨ੍ਹਾਂ ਵਿਨਿਯਮਾਂ ਦੇ ਨਾਲ ਨੱਥੀ ਕੀਤੀ ਗਈ ਪਹਿਲੀ ਅਨੁਸੂਚੀ ਵਿੱਚ ਹਵਾਲਾ ਕੀਤੇ ਗਏ ਸਾਰੇ ਕੇਸ ਇਨ੍ਹਾਂ ਵਿਨਿਯਮਾਂ ਦੇ ਭਾਗ – II ਵਿੱਚ ਦਿੱਤੇ ਗਏ ਵਿਨਿਯਮਾਂ ਦੇ ਉਪਬੰਧਾਂ ਅਨੁਸਾਰ ਬੋਰਡ ਦੇ ਸਨਮੁੱਖ ਲਿਆਂਦੇ ਜਾਣਗੇ।

(ii) ਦੂਜੀ ਅਨੁਸੂਚੀ ਵਿੱਚ ਹਵਾਲਾ ਕੀਤੇ ਗਏ ਸਾਰੇ ਕੇਸ ਬੋਰਡ ਦੇ ਪੂਰਨ ਕਾਲੀ ਮੈਂਬਰ ਦੁਆਰਾ ਇਸ ਦੀ ਤਰਫੋਂ ਸਮੂਹਕ ਰੂਪ ਵਿੱਚ ਨਿਪਟਾਏ ਜਾਣਗੇ। "ਸਮੂਹਕ ਰੂਪ ਵਿੱਚ" ਦਾ ਅਰਥ ਬਹੁਸੰਮਤੀ ਦੁਆਰਾ ਹੈ। ਜਦੋਂ ਪੂਰਨ ਕਾਲੀ ਮੈਂਬਰ ਬਰਾਬਰ ਬਰਾਬਰ ਵੰਡੇ ਗਏ ਹੋਣ ਤਾਂ ਚੇਅਰਮੈਨ ਕੋਲ ਨਿਰਣਾਇਕ ਮਤ ( casting vote ) ਹੋਵੇਗਾ। ਪਰੰਤੂ ਜਦੋਂ ਪੂਰਨ ਕਾਲੀ ਮੈਂਬਰ ਸਰਕੁਲੇਸ਼ਨ ਵਿੱਚ ( in circulation ) ਕੇਸ ਦਾ ਫੈਸਲਾ ਕਰ ਲੈਂਦੇ ਹਨ ਅਤੇ ਇਕ ਜਾਂ ਇਕ ਤੋਂ ਵੱਧ ਮੈਂਬਰ ਲਏ ਜਾ ਰਹੇ ਫੈਸਲੇ ਨਾਲ ਅਸਹਿਮਤ ਹੋਣ ਤਾਂ ਅੰਤਮ ਫੈਸਲਾ ਲੈਣ ਤੋਂ ਪਹਿਲਾਂ ਕੇਸ ਅਗਲੇ ਉਚ ਅਧਿਕਾਰੀ ਅਰਥਾਤ ਬੋਰਡ ਦੁਆਰਾ ਵਿਚਾਰਿਆ ਜਾਵੇਗਾ ।

5. ਕੋਈ ਵੀ ਕੇਸ, ਜਿਸ ਦੇ ਸਬੰਧ ਵਿੱਚ ਵਿਨਿਯਮ 19 ਅਧੀਨ ਵਿਤ ਸੈਕਸ਼ਨ ਨਾਲ ਸਲਾਹ- ਮਸ਼ਵਰਾ ਕਰਨਾ ਲੋੜੀਂਦਾ ਹੋਵੇ, ਬੋਰਡ ਦੁਆਰਾ ਜਾਂ ਪੂਰਣ ਕਾਲੀ ਮੈਂਬਰਾਂ ਦੁਆਰਾ, ਜਿਵੇਂ ਵੀ ਕੇਸ ਹੋਵੇ, ਉਦੋਂ ਤੱਕ ਨਹੀਂ ਵਿਚਾਰਿਆ ਜਾਵੇਗਾ ਜਦੋਂ ਤੱਕ ਕਿ ਵਿਤ ਸੈਕਸ਼ਨ ਨੂੰ ਇਸ ਨੂੰ ਵਿਚਾਰਨ ਲਈ ਇਕ ਅਵਸਰ ਨਾ ਦਿੱਤਾ ਗਿਆ ਹੋਵੇ।

ਪਰੰਤੂ ਸ਼ਰਤ ਇਹ ਹੈ ਕਿ ਵਿਤ ਸੈਕਸ਼ਨ ਨਾਲ ਸਲਾਹ- ਮਸ਼ਵਰਾ ਤਜ਼ਵੀਜ਼ਾਂ ਦੇ ਕੇਸ ਵਿੱਚ ਜ਼ਰੂਰੀ ਨਹੀਂ ਹੋਵੇਗਾ ਜਿਹੜੀਆਂ ਕਿ ਬੋਰਡ ਦੇ ਖਰੀਦ ਵਿਨਿਯਮਾਂ ਅਧੀਨ ਸ਼ਾਸ਼ਤ ਕੀਤੀਆਂ ਜਾਂਦੀਆਂ ਹਨ।

6. ਕੋਈ ਹੋਰ ਦੂਜਾ ਕੇਸ ਬੋਰਡ ਦੇ ਸਨਮੁੱਖ ਲਿਆਉਣਾ ਜ਼ਰੂਰੀ ਨਹੀਂ ਹੋਵੇਗਾ। ਸਾਰੇ ਹੋਰ ਦੂਜੇ ਕੇਸ ਚੇਅਰਮੈਨ ਦੁਆਰਾ ਪਾਸ ਕੀਤੇ ਗਏ ਜਨਰਲ ਜਾਂ ਵਿਸ਼ੇਸ਼ ਆਦੇਸ਼ਾਂ ਅਨੁਸਾਰ ਨਿਪਟਾਏ ਜਾਣਗੇ।

7. ਬੋਰਡ ਦੁਆਰਾ ਜਾਂ ਇਸ ਦੀ ਤਰਫੋਂ ਕੀਤੇ ਗਏ ਜਾਂ ਤਾਮੀਲ ਕੀਤੇ ਗਏ ਸਾਰੇ ਆਦੇਸ਼ ਜਾਂ ਦਸਤਾਵੇਜ਼ ( instruments ) ਬੋਰਡ ਦੇ ਨਾਂ ਤੇ ਕੀਤੇ ਜਾਣ ਵਾਲੇ ਜਾਂ ਤਾਮੀਲ ਕੀਤੇ ਜਾਣ ਵਾਲੇ ਅਭਿਵਿਅਕਤ ਕੀਤੇ ਜਾਣਗੇ।

8. ਬੋਰਡ ਦਾ ਹਰ ਇੱਕ ਆਦੇਸ਼ ਜਾਂ ਫੈਸਲਾ ਚੇਅਰਮੈਨ ਦੇ ਹਸਤਾਖਰਾਂ ਦੁਆਰਾ ਪ੍ਰਮਾਣਿਤ ਕੀਤਾ ਜਾਵੇਗਾ ਜਾਂ ਉਸ ਦੀ ਗੈਰ ਹਾਜ਼ਰੀ ਵਿੱਚ ਪੂਰਣ ਕਾਲੀ ਮੈਂਬਰ ਦੇ ਹਸਤਾਖਰਾਂ ਨਾਲ ਪ੍ਰਮਾਣਿਤ ਕੀਤਾ ਜਾਵੇਗਾ। ਬੋਰਡ ਦੁਆਰਾ ਜਾਂ ਇਸ ਦੀ ਤਰਫੋਂ ਜਾਰੀ ਕੀਤੇ ਗਏ ਜਾਂ ਪ੍ਰਸਤੁਤ ਕੀਤੇ ਗਏ ਸਾਰੇ ਹੋਰ ਦਸਤਾਵੇਜ਼ ਸਕੱਤਰ, ਉਪ ਸਕੱਤਰਾਂ, ਪ੍ਰਸੋਨਲ ਅਫਸਰ/ ਅਧੀਨ ਸਕੱਤਰਾਂ ਜਾਂ ਕਿਸੇ ਹੋਰ ਅਫਸਰ, ਜੋ ਕਿ ਚੇਅਰਮੈਨ ਦੁਆਰਾ ਇਸ ਦੇ ਸਬੰਧ ਵਿੱਚ ਵਿਸ਼ੇਸ਼ ਕਰਕੇ ਸਸ਼ਕਤ ( empowered ) ਕੀਤੇ ਗਏ ਹੋਣ, ਦੇ ਹਸਤਾਖਰਾਂ ਦੁਆਰਾ ਪ੍ਰਮਾਣਿਤ ਕੀਤੇ ਜਾਣਗੇ।

9. ਬੋਰਡ ਦੇ ਆਦੇਸ਼ ਜਾਂ ਫੈਸਲੇ, ਉਨ੍ਹਾਂ ਦੇ ਵਿਨਿਯਮ 8 ਵਿੱਚ ਦਸੇ ਗਏ ਤਰੀਕੇ ਅਨੁਸਾਰ ਚੇਅਰਮੈਨ ਜਾਂ ਪੂਰਣ ਕਾਲੀ ਮੈਂਬਰ ਦੁਆਰਾ ਉਚਿਤ ਪ੍ਰਮਾਣੀਕਰਣ ਮਗਰੋਂ, ਸਕੱਤਰ, ਉਪ ਸਕੱਤਰਾਂ, ਪ੍ਰਸੋਨਲ ਅਫਸਰ/ ਅਧੀਨ ਸਕੱਤਰਾਂ ਜਾਂ ਕਿਸੇ ਹੋਰ ਅਜਿਹੇ ਅਫਸਰ, ਜੋ ਕਿ ਚੇਅਰਮੈਨ ਦੁਆਰਾ ਇਸ ਦੇ ਸਬੰਧ ਵਿੱਚ ਵਿਸ਼ੇਸ਼ ਕਰਕੇ ਸਸ਼ਕਤ ( empowered ) ਕੀਤੇ ਗਏ ਹੋਣ, ਦੁਆਰਾ ਸੰਚਾਰਿਤ ਕੀਤੇ ਜਾਣਗੇ।

## ਭਾਗ – II
## ਬੋਰਡ ਦੀ ਕਾਰਜਵਿਧੀ

10. ਸਕੱਤਰ ਬੋਰਡ ਦਾ ਮੁੱਖ ਕਾਰਜਕਾਰੀ ਅਫਸਰ ਹੋਵੇਗਾ ਅਤੇ ਬੋਰਡ ਅਤੇ ਪੂਰਣ ਕਾਲੀ ਮੈਂਬਰਾਂ ਦੀ ਮੀਟਿੰਗ ਵਿੱਚ ਕੇਸਾਂ ਨੂੰ ਪੇਸ਼ ( ਪੁਟ-ਅਪ ) ਕਰੇਗਾ ।

11. ਪਹਿਲੀ ਅਨੁਸੂਚੀ ਵਿੱਚ ਹਵਾਲਾ ਕੀਤੇ ਗਏ ਸਾਰੇ ਕੇਸ "ਪੰਜਾਬ ਰਾਜ ਬਿਜਲੀ ਬੋਰਡ ( ਮੀਟਿੰਗਾਂ ਦਾ ਸੰਚਾਲਨ ) ਵਿਨਿਯਮ, 1959" ਦੇ ਵਿਨਿਯਮ 7.2 ਅਨੁਸਾਰ ਬੋਰਡ ਨੂੰ ਪੇਸ਼ ਕੀਤੇ ਜਾਣਗੇ। ਅਜਿਹੇ ਕੇਸਾਂ ਦੇ ਨਿਪਟਾਰੇ ਲਈ ਸਕੱਤਰ ਬੋਰਡ ਦੇ ਕਿਸੇ ਵੀ ਅਧਿਕਾਰੀ ਤੋਂ ਕਿਸੇ ਵੀ ਪੇਪਰ ਦੀ ਮੰਗ ਕਰ ਸਕਦਾ ਹੈ ਜਾਂ ਅਜਿਹੀ ਕਿਸੇ ਹੋਰ ਸੂਚਨਾ ਦੀ ਮੰਗ ਕਰ ਸਕਦਾ ਹੈ, ਜਿਵੇਂ ਕਿ ਅਜਿਹੇ ਨਿਪਟਾਰੇ ਲਈ ਜ਼ਰੂਰੀ ਜਾਂ ਉਚਿਤ ਸਮਝਿਆ ਜਾਵੇ।

12. ਚੇਅਰਮੈਨ ਇਹ ਹਦਾਇਤ ਕਰ ਸਕਦਾ ਹੈ ਕਿ ਕੋਈ ਵੀ ਕੇਸ, ਬੋਰਡ ਦੀ ਮੀਟਿੰਗ ਵਿੱਚ ਵਿਚਾਰੇ ਜਾਣ ਲਈ ਲਿਆਂਦੇ ਜਾਣ ਦੀ ਬਜਾਏ, ਸਾਰੇ ਮੈਂਬਰਾਂ ਨੂੰ ਉਨ੍ਹਾਂ ਦੀ ਰਾਇ ਲਈ ਸਰਕੁਲੇਟ ਕੀਤੇ ਜਾਣ ਅਤੇ ਜੇਕਰ ਚੇਅਰਮੈਨ ਇਹ ਸੋਚਦਾ ਹੈ ਕਿ ਮੀਟਿੰਗ ਵਿੱਚ ਬਹਿਸ ਜ਼ਰੂਰੀ ਨਹੀਂ ਹੈ ਤਾਂ ਕੇਸ ਦਾ ਫੈਸਲਾ ਅਜਿਹੀ ਬਹਿਸ ਤੋਂ ਬਿਨਾਂ ਬਹੁਮਤ ਦੀ ਰਾਇ ਅਨੁਸਾਰ ਕੀਤਾ ਜਾਵੇਗਾ।

13. ਉਨ੍ਹਾਂ ਕੇਸਾਂ ਵਿੱਚ ਜਿਹੜੇ ਵਿਨਿਯਮ 12 ਅਧੀਨ ਰਾਇ ਲਈ ਸਰਕੁਲੇਟ ਕੀਤੇ ਗਏ ਹਨ, ਜੇਕਰ ਮਾਮਲਾ ਬਹੁਤ ਜ਼ਰੂਰੀ ਹੈ ਤਾਂ ਚੇਅਰਮੈਨ ਇਹ ਹਦਾਇਤ ਕਰ ਸਕਦਾ ਹੈ ਕਿ ਜੇਕਰ ਕੋਈ ਮੈਂਬਰ ਸਕੱਤਰ ਨੂੰ ਸਰਕੂਲੇਸ਼ਨ ਲਈ ਮੈਮੋਰੈਂਡਮ ਵਿੱਚ ਉਸ ਦੁਆਰਾ ਨਿਸ਼ਚਿਤ ਕੀਤੀ ਜਾਣ ਵਾਲੀ ਮਿਤੀ ਤੱਕ ਆਪਣੀ ਰਾਇ ਸੂਚਿਤ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਸ ਨੇ ਉਸ ਵਿੱਚ ਦਿੱਤੀਆਂ ਗਈਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਹੈ।

14. ਬੋਰਡ ਦੇ ਸਨਮੁੱਖ ਲਿਆਂਦੇ ਗਏ ਸਾਰੇ ਕੇਸਾਂ ਦੇ ਨਾਲ, ਜਦੋਂ ਤੱਕ ਚੇਅਰਮੈਨ ਹੋਰਵੇਂ ਹਦਾਇਤ ਨਾ ਕਰੇ, ਫੈਸਲੇ ਲਈ ਕੇਸ ਦੇ ਵਿਸ਼ੇਸ਼ ਤੱਥਾਂ ਅਤੇ ਪੁਆਇੰਟਾਂ ਦੀ ਮੁਨਾਸਬ ਸੁਨਿਸਚਿਤਤਾ (precision) ਦਰਸਾਉਂਦਾ ਮੈਮੋਰੈਂਡਮ ਵੀ ਹੋਵੇਗਾ। ਅਜਿਹਾ ਮੈਮੋਰੈਂਡਮ ਅਤੇ ਅਜਿਹੇ ਹੋਰ ਦੂਜੇ ਸਬੰਧਤ ਪੇਪਰ ਜੋ ਕਿ ਕੇਸ ਨੂੰ ਨਿਪਟਾਉਣ ਯੋਗ ਬਣਾਉਣ ਲਈ ਜ਼ਰੂਰੀ ਹੋਣ, ਵੀ ਮੈਂਬਰਾਂ ਨੂੰ ਸਰਕੁਲੇਟ ਕੀਤੇ ਜਾਣਗੇ।

15. ਬੋਰਡ ਦੀਆਂ ਮੀਟਿੰਗਾਂ ਪੰਜਾਬ ਰਾਜ ਬਿਜਲੀ ਬੋਰਡ ( ਮੀਟਿੰਗਾਂ ਦਾ ਸੰਚਾਲਨ ) ਵਿਨਿਯਮ, 1959 ਦੇ ਉਪਬੰਧਾਂ ਅਨੁਸਾਰ ਕੀਤੀਆਂ ਜਾਣਗੀਆਂ।

## ਭਾਗ – III

## ਕਾਰਜ ਦਾ ਵਿਭਾਗੀ ਤੌਰ ਤੇ ਨਿਪਟਾਰਾ

### ੳ – ਜਨਰਲ

16. ਹੋਰਵੇਂ ਉਪਬੰਧਤ ਕੀਤੇ ਗਏ ਅਨੁਸਾਰ ਤੋਂ ਇਲਾਵਾ, ਕੇਸਾਂ ਨੂੰ ਸਾਧਾਰਣ ਤੌਰ ਪੰਜਾਬ ਰਾਜ ਬਿਜਲੀ ਬੋਰਡ ( ਚੇਅਰਮੈਨ ਦੇ ਅਖਤਿਆਰ ) ਨਿਯਮ, 1959 ਦੇ ਨਿਯਮ – 14 ਰਾਹੀਂ ਉਸ ਨੂੰ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ ਚੇਅਰਮੈਨ ਦੁਆਰਾ ਜਾਰੀ ਕੀਤੀਆਂ ਗਈਆਂ ਬੋਰਡ ਦੇ ਪੂਰਣ ਕਾਲੀ ਮੈਂਬਰਾਂ ਵਿਚਕਾਰ ਡਿਊਟੀਆਂ ਅਤੇ ਕੰਮ ਕੀ ਵੰਡ ਅਨੁਸਾਰ ਮੈਂਬਰ ਇੰਚਾਰਜ ਦੁਆਰਾ ਜਾਂ ਦੀ ਅਧਿਕਾਰ (ਅਥਾਰਟੀ) ਅਧੀਨ ਨਿਪਟਾਏ ਜਾਣਗੇ।

ਵਿਨਿਯਮ 3 ਦੇ ਉਪਬੰਧਾਂ ਦਾ ਪੱਖਪਾਤ ਕੀਤੇ ਬਿਨਾਂ ਮੈਂਬਰ ਇੰਚਾਰਜ ਮੁਢਲੇ ਰੂਪ ਵਿੱਚ ਆਪਣੇ ਚਾਰਜ ਨਾਲ ਸਬੰਧਤ ਕਾਰਜਾਂ ਦੇ ਨਿਪਟਾਰੇ ਲਈ ਜਿੰਮੇਵਾਰ ਹੋਵੇਗਾ।

17. ਹਰ ਇੱਕ ਅਜਿਹਾ ਮੈਂਬਰ ਇਹਨਾਂ ਆਰਡਰਾਂ ਨੂੰ ਜਾਰੀ ਕਰੇਗਾ ਕਿ ਕਿਹੜੇ ਕੇਸ ਜਾਂ ਕੇਸਾਂ ਦੀ ਸ਼੍ਰੇਣੀ ਉਸ ਨੂੰ ਪੇਸ਼ ਕੀਤੇ ਜਾਣੇ ਲੋੜੀਂਦੇ ਹਨ।

18. ਉਨ੍ਹਾਂ ਕੇਸਾਂ ਲਈ ਜਿਹੜੇ ਇਕ ਤੋਂ ਵੱਧ ਮੈਂਬਰਾਂ ਨਾਲ ਸਬੰਧਤ ਹਨ, ਸਬੰਧਤ ਮੈਂਬਰ ਇੱਕ ਸਹਿਮਤੀ ( agreement ) ਉਤੇ ਪਹੁੰਚਣ ਲਈ ਪਹਿਲਾਂ ਬਹਿਸ ਕਰਨ ਦਾ ਯਤਨ ਕਰਨਗੇ। ਜੇਕਰ ਸਹਿਮਤੀ ਹੋ ਜਾਂਦੀ ਹੈ ਤਾਂ ਉਪਰੋਕਤ ਵਿਨਿਯਮ 14 ਅਨੁਸਾਰ ਬੋਰਡ ਨੂੰ ਪੇਸ਼ ਕੀਤੇ ਜਾਣ ਵਾਲੇ ਮੈਮੋਰੈਂਡਮ ਵਿੱਚ ਸਬੰਧਤ ਮੈਂਬਰਾਂ ਦੀਆਂ ਸਾਂਝੀਆਂ ਸਿਫਾਰਸ਼ਾਂ ਸ਼ਾਮਲ ਕੀਤੀਆਂ ਜਾਣਗੀਆਂ ਅਤੇ ਜੇਕਰ ਕਿਸੇ

ਸਹਿਮਤੀ ਉਤੇ ਨਹੀਂ ਪਹੁੰਚਿਆ ਜਾਂਦਾ ਤਾਂ ਮੈਮੋਰੈਂਡਮ ਵਿੱਚ ਮਤਭੇਦ ਦੇ ਪੁਆਇੰਟ ਸ਼ਾਮਲ ਕੀਤੇ ਜਾਣਗੇ ਅਤੇ ਸਬੰਧਤ ਹਰ ਇੱਕ ਮੈਂਬਰ ਦੀ ਸਿਫਾਰਸ਼ ਵੀ ਸ਼ਾਮਲ ਕੀਤੀ ਜਾਵੇਗੀ।

## ਅ - ਵਿਤ ਸੈਕਸ਼ਨ

19. (i) ਬੋਰਡ ਦਾ ਵਿਤ ਸੈਕਸ਼ਨ ਨਾਲ ਤਜ਼ਵੀਜ਼ਾਂ, ਜਿਹੜੀਆਂ ਬੋਰਡ ਦੇ ਫੰਡਾਂ ਨੂੰ ਪ੍ਰਭਾਵਿਤ ਕਰਦੀਆਂ ਹਨ, ਦੇ ਸਬੰਧ ਵਿੱਚ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਸਲਾਹ- ਮਸ਼ਵਰਾ ਕੀਤਾ ਜਾਵੇਗਾ।

ਕੋਈ ਵੀ ਸੈਕਸ਼ਨ ਵਿਤ ਸੈਕਸ਼ਨ ਨਾਲ ਪਹਿਲਾਂ ਸਲਾਹ- ਮਸ਼ਵਰਾ ਕੀਤੇ ਬਿਨਾਂ ਕੋਈ ਵੀ ਆਦੇਸ਼ ( ਬੋਰਡ ਦੁਆਰਾ ਕੀਤੇ ਗਏ ਕਿਸੇ ਵੀ ਆਮ ਅਖਤਿਆਰਾਂ ਦੇ ਸੌਂਪਣ ਦੇ ਅਨੁਸਾਰ ਆਦੇਸ਼ਾਂ ਤੋਂ ਹੋਰਵੇਂ ) ਜਾਰੀ ਕਰਨ ਲਈ ਆਧਿਕਾਰਿਤ ਨਹੀਂ ਹੋਵੇਗਾ ਜਿਹੜੇ : -

(ੳ) ਜਾਂ ਤਾਂ ਤੁਰੰਤ ਜਾਂ ਉਨ੍ਹਾਂ ਦੇ ਪ੍ਰਤਿ- ਪ੍ਰਭਾਵ ਫਲਸਰੂਪ ਕਿਸੇ ਵੀ ਢੰਗ ਨਾਲ ਬੋਰਡ ਦੇ ਫੰਡਾਂ ਨੂੰ ਪ੍ਰਭਾਵਿਤ ਕਰੇ ;

(ਅ) ਆਸਾਮੀਆਂ ਦੀ ਗਿਣਤੀ, ਗਰੇਡਿੰਗ ਜਾਂ ਕਾਡਰ ਨਾਲ ਸਬੰਧਤ ਜਾਂ ਸੇਵਾ ਜਾਂ ਆਸਾਮੀਆਂ ਦੀਆਂ ਉਪਲਭਤਾਂ ( emoluments ) ਜਾਂ ਹੋਰ ਦੂਜੀਆਂ ਸ਼ਰਤਾਂ, ਜਿਨ੍ਹਾਂ ਵਿੱਚ ਵਿਤੀ ਉਲਝਣਾਂ ( implications ) ਸ਼ਾਮਲ ਹੋਣ ;

(ੲ) ਜਿਸ ਵਿੱਚ ਮਾਲੀਏ ਦੇ ਤਿਆਗਣ ਦੀ ਤਜ਼ਵੀਜ਼ ਸ਼ਾਮਲ ਹੋਵੇ ਜਾਂ ਖਰਚ ਸ਼ਾਮਲ ਹੋਵੇ ਜਿਸ ਲਈ ਬਜਟ ਵਿੱਚ ਕੋਈ ਉਪਬੰਧ ਨਾ ਕੀਤਾ ਗਿਆ ਹੋਵੇ।

(ii) ਵਿਤ ਸੈਕਸ਼ਨ ਤੋਂ ਹੋਰਵੇਂ ਕਿਸੇ ਵੀ ਸੈਕਸ਼ਨ ਦੁਆਰਾ ਕੋਈ ਵੀ ਨਮਿੱਤਣ ਨਹੀਂ ਕੀਤਾ ਜਾਵੇਗਾ ਸਿਵਾਏ ਅਜਿਹੇ ਜਨਰਲ ਅਧਿਕਾਰ- ਸੌਂਪਣ ( delegation ) ਦੇ ਜੋ ਕਿ ਬੋਰਡ ਵਲੋਂ ਕੀਤਾ ਗਿਆ ਹੋਵੇ।

20. ਵਿਤ ਸੈਕਸ਼ਨ ਦੇ ਵਿਚਾਰ ਸੈਕਸ਼ਨ ਦੇ ਉਸ ਸਥਾਈ ਰਿਕਾਰਡ ਉਤੇ ਲਿਆਂਦੇ ਜਾਣਗੇ ਜਿਸ ਨਾਲ ਕੇਸ ਦਾ ਸਬੰਧ ਹੈ ਅਤੇ ਕੇਸ ਦਾ ਹਿੱਸਾ ਬਣਨਗੇ।

21. ਵਿਤ ਸੈਕਸ਼ਨ ਉਨ੍ਹਾਂ ਕੇਸਾਂ ਨੂੰ ਨਿਯਤ ਕਰ ਸਕਦਾ ਹੈ ਜਿਨ੍ਹਾਂ ਵਿੱਚ ਇਸ ਦੀ ਸਹਿਮਤੀ ਦਿੱਤੀ ਹੋਈ ਹੋਣ ਦੀ ਪਹਿਲਾਂ ਹੀ ਕਿਆਸ ਕੀਤੀ ਜਾ ਸਕਦੀ ਹੈ ।

23. ਵਿਤ ਸੈਕਸ਼ਨ ਸਾਰੇ ਸੈਕਸ਼ਨਾਂ ਵਿੱਚ ਸਾਧਾਰਣ ਰੂਪ ਵਿੱਚ ਵਿਤੀ ਕਾਰਜਵਿਧੀ ਨੂੰ ਸ਼ਾਸ਼ਤ ਕਰਨ ਲਈ ਅਤੇ ਵਿਤ ਸੈਕਸ਼ਨ ਦੇ ਕਾਰਜ ( business ) ਨੂੰ ਨਿਯਮਤ ਕਰਨ ਲਈ ਅਤੇ ਹੋਰ ਦੂਜੀਆਂ ਸੈਕਸ਼ਨਾਂ ਦੀ ਵਿਤ ਸੈਕਸ਼ਨ ਨਾਲ ਡੀਲਿੰਗ ਨੂੰ ਨਿਯਮਿਤ ਕਰਨ ਲਈ ਹਦਾਇਤਾਂ ਜਾਰੀ ਕਰ ਸਕਦਾ ਹੈ।

## ੲ - ਕਾਨੂੰਨੀ ਸੈਕਸ਼ਨ

23. ਜਦੋਂ ਕਦੇ ਵੀ ਇਹ ਤਜਵੀਜ਼ ਕੀਤੀ ਜਾਂਦੀ ਹੈ : -

(i) ਵਿਧਾਨਕ ਵਿਨਿਯਮ, ਅਧਿਸੂਚਨਾ ਜਾਂ ਆਦੇਸ਼ ਜਾਰੀ ਕਰਨ ਲਈ ; ਜਾਂ

(ii) ਮਾਤਹਿਤ ਅਥਾਰਟੀ ਦੁਆਰਾ ਕਿਸੇ ਵਿਨਿਯਮ, ਉਪ ਨਿਯਮ, ਅਧਿਸੂਚਨਾ ਜਾਂ ਆਦੇਸ਼ ਜਾਰੀ ਕਰਨ ਨੂੰ ਵਿਧਾਨਕ ਅਖਤਿਆਰ ਅਧੀਨ ਮੰਨਜ਼ੂਰੀ ਦੇਣ ਲਈ ; ਜਾਂ

(iii) ਉਨ੍ਹਾਂ ਦੁਆਰਾ ਜਾਰੀ ਕਰਨ ਲਈ ਸਰਕਾਰ ਨੂੰ ਵਿਧਾਨਕ ਵਿਨਿਯਮ, ਅਧਿਸੂਚਨਾ ਜਾਂ ਆਦੇਸ਼ ਦਾ ਕੋਈ ਡਰਾਫਟ ਪੇਸ਼ ਕਰਨ ਵਾਸਤੇ ;
ਡਰਾਫਟ ਕਾਨੂੰਨੀ ਸੈਕਸ਼ਨ ਨੂੰ ਰਾਇ ਅਤੇ ਮਸ਼ਵਰੇ ਲਈ ਭੇਜਿਆ ਜਾਵੇਗਾ।

24. (1) ਸਾਰੇ ਸੈਕਸ਼ਨ ਨਿਮਨ ਉਤੇ ਕਾਨੂੰਨੀ ਸੈਕਸ਼ਨ ਤੋਂ ਸਲਾਹ ਲੈਣਗੇ : -

(ੳ) ਅਧਿਨਿਯਮ ( statutes ), ਐਕਟ, ਵਿਨਿਯਮ ਅਤੇ ਵਿਧਾਨਕ ਵਿਨਿਯਮ ਆਦੇਸ਼ ਅਤੇ ਅਧਿਸੂਚਨਾਵਾਂ ਬਣਾਉਣ ਉਤੇ ;

(ਅ) ਕਿਸੇ ਕੇਸ ਵਿਚੋਂ ਉਤਪੰਨ ਹੋਏ ਕਿਸੇ ਜਨਰਲ ਕਾਨੂੰਨੀ ਸਿਧਾਂਤ ਉਤੇ ;

(ੲ) ਕਿਸੇ ਸੈਕਸ਼ਨ ਦੀ ਬੇਨਤੀ ਉਤੇ ਕਿਸੇ ਪੈਰਵੀ ਜਾਂ ਕਿਸੇ ਹੋਰ ਦੂਜੀ ਕਾਨੂੰਨੀ ਕਾਰਵਾਈ ਸ਼ੁਰੂ ਕਰਵਾਉਣ ਜਾਂ ਵਾਪਸ ਲੈਣ ;

(2) ਹਰ ਇੱਕ ਅਜਿਹੇ ਹਵਾਲੇ ਨਾਲ ਕੇਸ ਦੇ ਤੱਥਾਂ ਅਤੇ ਨੁਕਤਿਆਂ ਜਾਂ ਉਹ ਨੁਕਤੇ ਜਿਨ੍ਹਾਂ ਉਤੇ ਕਾਨੂੰਨੀ ਸੈਕਸ਼ਨ ਦੀ ਸਲਾਹ ਮੰਗੀ ਗਈ ਹੈ, ਦੀ ਬਿਲਕੁਲ ਸਹੀ ਸਟੇਟਮੈਂਟ ਲਗੀ ਹੋਣੀ ਚਾਹੀਦੀ ਹੈ।

25. ਬੋਰਡ ਜਾਂ ਜਨ ਅਧਿਕਾਰੀ ਦੀ ਤਰਫੋਂ ਕੋਈ ਵੀ ਮੁਕੱਦਮਾ ਇਨ੍ਹਾਂ ਵਿਨਿਯਮਾਂ ਦੇ ਨਾਲ ਨੱਥੀ ਕੀਤੀ ਗਈ ਅੰਤਿਕਾ 'ਅ' ਅਨੁਸਾਰ ਮੰਨਜ਼ੂਰੀ ਦੀ ਨਮੂਨਾ ਕਾਪੀ ਅਨੁਸਾਰ ਸਮਰੱਥ ਕੰਟਰੋਲਿੰਗ ਅਥਾਰਟੀ ਦੀ ਪੂਰਵ ਮੰਨਜ਼ੂਰੀ ਤੋਂ ਬਿਨਾਂ ਆਪਣੇ ਆਪ ਵਿੱਚ ਸ਼ੁਰੂ /ਬਚਾਓ ਪੱਖ ਪੇਸ਼ ( defended ) ਨਹੀਂ ਕੀਤਾ ਜਾਵੇਗਾ।

26. (i) ਬੋਰਡ ਦੀ ਤਰਫੋਂ ਮੁਕੱਦਮਾ (ii) ਕਿਸੇ ਮੁਕੱਦਮੇ ਦੀ ਧਮਕੀ ਜਿਸ ਵਿੱਚ ਬੋਰਡ ਨੂੰ ਪਾਰਟੀ ਬਣਾਇਆ ਗਿਆ ਹੋਵੇ, ਦੇ ਬਚਾਓ ਪੱਖ ਸ਼ੁਰੂ ਕਰਨ ਲਈ (iii) ਕਿਸੇ ਵੀ ਮੁਕੱਦਮੇ ਵਿੱਚ ਬੋਰਡ ਦੁਆਰਾ ਦਖਲ- ਅੰਦਾਜ਼ੀ ਜਿਸ ਵਿੱਚ ਬੋਰਡ ਦੀ ਰੁਚੀ ਹੋਵੇਗੀ ਜਾਂ ਹੈ ਜਾਂ (iv) ਬੋਰਡ ਕਰਮਚਾਰੀ ਦੁਆਰਾ ਜਾਂ ਵਿਰੁੱਧ ਉਸ ਦੀ ਦਫਤਰੀ ਸਮਰੱਥਾ ਵਿੱਚ ਮੁਕੱਦਮੇ ਦੀ ਸ਼ੁਰੂਆਤ ਜਾਂ ਬਚਾਓ ਪੱਖ ਪੇਸ਼ ਕਰਨ ਲਈ, ਨਿਮਨ ਦਰਜ ਅਧਿਕਾਰੀ ਆਪਣੇ ਚਾਰਜ ਨਾਲ ਸਬੰਧਤ ਮਾਮਲਿਆਂ ਵਿੱਚ ਸਮਰੱਥ ਕੰਟਰੋਲਿੰਗ ਅਥਾਰਟੀ ਦੇ ਤੌਰ ਤੇ ਕਾਰਵਾਈ ਕਰਨਗੇ : -

(i) ਸਕੱਤਰ
(ii) ਮੁੱਖ ਇੰਜੀਨੀਅਰ
(iii) ਮੁੱਖ ਲੇਖਾ ਅਫਸਰ
(iv) ਮੁੱਖ ਲੇਖਾ ਪੜਤਾਲਕਾਰ
(v) ਵਿਤ ਸਲਾਹਕਾਰ
(vi) ਨਿਗਰਾਨ ਇੰਜੀਨੀਅਰ
(vii) ਉਪ ਸਕੱਤਰ

(viii) ਕਾਰਜਕਾਰੀ ਇੰਜੀਨੀਅਰ

27. ਇਨ੍ਹਾਂ ਵਿਨਿਯਮਾਂ ਦੀ ਅੰਤਿਕਾ 'ੳ' ਵਿੱਚ ਨਿਰਧਾਰਿਤ ਕੀਤੀ ਗਈ ਕਾਰਜਵਿਧੀ ਵਿਨਿਯਮ 26 ਵਿੱਚ ਉਪਬੰਧ ਕੀਤੇ ਗਏ ਮਾਮਲਿਆਂ ਵਿੱਚ ਅਪਣਾਈ ਜਾਵੇਗੀ।

28. ਇਨ੍ਹਾਂ ਵਿਨਿਯਮਾਂ ਦੀ ਪਾਲਣਾ ਵਿੱਚ ਕਿਸੇ ਠੋਸ ਉਲੰਘਣਾ ਜਾਂ ਵਿਚਲਣ ਦੀ ਹਾਲਤ ਵਿੱਚ ਸਕੱਤਰ ਨਿੱਜੀ ਤੌਰ ਤੇ ਮਾਮਲਾ ਚੇਅਰਮੈਨ ਦੇ ਧਿਆਨ ਵਿੱਚ ਲਿਆਵੇਗਾ।

ਬਾਹੁਕਮ ਬੋਰਡ

ਨੱਥੀ : ਪਹਿਲੀ ਅਤੇ ਦੂਜੀ
ਅਨੁਸੂਚੀ ਅਤੇ ੳ' ਅ' ਅਤੇ
ੲ' ਅਨੁਲਗ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

# ਪਹਿਲੀ ਅਨੁਸੂਚੀ

ਕੇਸਾਂ ਦੀਆਂ ਨਿਮਨ ਦਰਜ ਸ਼੍ਰੇਣੀਆਂ ਫੈਸਲੇ ਲਈ ਬੋਰਡ ਨੂੰ ਭੇਜੀਆਂ ਜਾਣਗੀਆਂ : -

ੳ) 1. ਸਾਲਾਨਾ ਵਿਤੀ ਸਟੇਟਮੈਂਟ ਅਤੇ ਅਨੁਪੂਰਕ ਅਤਿਰਿਕਤ ਅਤੇ ਵਧੀਕ ਗ੍ਰਾਂਟਾਂ ਦੀ ਮੰਗ ( ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 61 ਵੇਖੋ )

2. ਬਜਟ ਵਿੱਚ ਨਾ ਪਾਇਆ ਗਿਆ ਖਰਚ ਜਿਸ ਦਾ ਬੋਰਡ ਦੁਆਰਾ ਵਿਸਤਾਰ ਕੀਤੇ ਜਾਣ ਦੀ ਲੋੜ ਹੋਵੇ ( ਉਕਤ ਐਕਟ ਦੀ ਧਾਰਾ 62 ਵੇਖੋ )

3. ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਜਾਂ ਉਸ ਦੇ ਪ੍ਰਤਿਨਿਧ ਦੁਆਰਾ ਬੋਰਡ ਦੇ ਲੇਖਿਆਂ ਉਤੇ ਸਾਲਾਨਾ ਲੇਖਾ- ਪੜਤਾਲ (ਆਡਿਟ) ਰਿਪੋਰਟ ਨੂੰ ਵਿਚਾਰਨ ਦਾ ਕੇਸ (ਉਕਤ ਐਕਟ ਦੀ ਧਾਰਾ 69 ਵੇਖੋ )

4. ਸਾਲਾਨਾ ਰਿਪੋਰਟ ਨੂੰ ਵਿਚਾਰਨ ਲਈ, ਜੋ ਕਿ ਰਾਜ ਸਰਕਾਰ ਨੂੰ ਪੇਸ਼ ਕੀਤੀ ਜਾਣੀ ਲੋੜੀਂਦੀ ਹੈ।

5. ਉਕਤ ਐਕਟ ਦੀ ਧਾਰਾ 79 ਅਧੀਨ ਬੋਰਡ ਦੁਆਰਾ ਬਣਾਏ ਜਾਣ ਵਾਲੇ ਵਿਨਿਯਮਾਂ ਦੇ ਸਬੰਧ ਵਿੱਚ ਤਜਵੀਜ਼, ਇਸ ਵਿੱਚ ਅਜਿਹੇ ਵਿਨਿਯਮਾਂ ਦੀ ਸ਼ਸ਼ੋਧਨ ਕਰਨ ਲਈ ਤਜਵੀਜ਼ਾਂ ਵੀ ਸ਼ਾਮਲ ਹਨ।

6. ਕਿਸੇ ਡਰਾਫਟ ਜਾਂ ਉਸ ਵਿੱਚ ਸੋਧ, ਜੋ ਕਿ ਉਕਤ ਐਕਟ ਦੀ ਧਾਰਾ 78 ਅਧੀਨ ਰਾਜ ਸਰਕਾਰ ਦੁਆਰਾ ਕੀਤੀਆਂ ਜਾਣੀ ਲੋੜੀਂਦੀ ਹੈ, ਸਬੰਧੀ ਰਾਜ ਸਰਕਾਰ ਨੂੰ ਸਿਫਾਰਸ਼ਾਂ।

7. ਰਾਜ ਸਰਕਾਰ ਦੁਆਰਾ ਦਿੱਤੇ ਗਏ ਕਿਸੇ ਨਿਰਦੇਸ਼ਨ ਦੇ ਸਬੰਧ ਵਿੱਚ ਬੋਰਡ ਅਤੇ ਰਾਜ ਸਰਕਾਰ ਵਿਚਕਾਰ ਉਤਪੰਨ ਹੋਇਆ ਕੋਈ ਵਿਵਾਦ/ ਝਗੜਾ ( ਉਕਤ ਐਕਟ ਦੀ ਧਾਰਾ 78 (ੳ) ਵੇਖੋ )

8. ਬੈਂਕਿੰਗ ਪ੍ਰਬੰਧ ( arrangements )

9. ਕਰਜ਼ੇ, ਉਧਾਰ, ਨਿਵੇਸ਼ ( investments ) ਅਤੇ ਰਾਖਵੇਂ ( reserves )

10. ਖਪਤਕਾਰਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਲਈ ਨਿਰਧਾਰਿਤ ਕੀਤੇ ਗਏ ਟੈਰਿਫ ਅਤੇ ਹੋਰ ਚਾਰਜਿਜ਼ ਦੀ ਸੋਧ।

11. ਯੋਜਨਾ ਸਕੀਮਾਂ

12. ਪ੍ਰਾਜੈਕਟ ਤਖਮੀਨਿਆਂ ਦੀ ਮੰਨਜ਼ੂਰੀ।

13. ਬਜਟ ਤਖਮੀਨਿਆਂ ਦੀ ਮੰਨਜ਼ੂਰੀ।

14. ਲਾਇਸੈਂਸੀਆਂ ਨੂੰ ਕਰਜ਼ਿਆਂ ਅਤੇ ਪੇਸ਼ਗੀਆਂ ਦੇਣਾ।

15. ਐਸੋਸੀਏਸ਼ਨਾਂ ਅਤੇ ਸੁਸਾਇਟੀਆਂ ਨੂੰ ਅੰਸ਼ਦਾਨ ( contributions ) ( ਉਕਤ ਐਕਟ ਦੀ ਧਾਰਾ 24 ਵੇਖੋ )

16. ਲਾਇਸੈਂਸੀਆਂ ਦੀਆਂ ਸੰਸਥਾਵਾਂ ਨੂੰ ਖਰੀਦਣ ਲਈ ਚੋਣ ( option ) ਦੀ ਵਰਤੋਂ ਕਰਨ।

17. ਬੋਰਡ ਦੇ ਅਧਿਕਾਰੀਆਂ ਦੇ ਵਿਤੀ ਅਖਤਿਆਰਾਂ ਦੀ ਸੌਂਪਣਾ ਅਤੇ ਸ਼ੰਸ਼ੋਧਨ।

18. ਤਨਖਾਹ ਦੇ ਸਕੇਲ ਅਤੇ ਸੇਵਾਵਾਂ ਦਾ ਵਰਗੀਕਰਣ।

19. ਗਜ਼ਟੀ ਆਸਾਮੀਆਂ / ਚਾਰਜਾਂ ਦੀ ਰਚਨਾ ਲਈ ਤਜ਼ਵੀਜ਼ਾਂ।
( ਅਨੁਲੱਗ 'ਏ' ਪੰਨਾ ਨੰ: 19 ਵੀ ਵੇਖੋ )

20. ਬੋਰਡ ਦੀਆਂ ਗਜ਼ਟੀ ਸੇਵਾਵਾਂ ਦੀ ਸਿੱਧੀ ਭਰਤੀ ਦੇ ਸਬੰਧ ਵਿੱਚ ਨੀਤੀ।

21. ਸਲਾਹਕਾਰ ਇੰਜੀਨੀਅਰਾਂ ਦੀ ਨਿਯੁਕਤੀ ( ਉਕਤ ਐਕਟ ਦੀ ਧਾਰਾ 25 ਵੇਖੋ )

22. ਬੋਰਡ ਦੇ ਖਰੀਦ ਵਿਨਿਯਮਾਂ ਵਿੱਚ ਉਪਬੰਧ ਕੀਤੇ ਅਨੁਸਾਰ ਪੂਰਣ ਕਾਲੀ ਮੈਂਬਰਾਂ ਦੀ ਸਮਰੱਥਤਾ ਤੋਂ ਬਾਹਰ ਦੀਆਂ ਖਰੀਦਾਂ ਦੇ ਸਬੰਧ ਵਿੱਚ ਕੇਸ।

23. ਬੋਰਡ ਦੇ ਖਰੀਦ ਵਿਨਿਯਮਾਂ ਵਿੱਚ ਉਪਬੰਧ ਕੀਤੇ ਅਨੁਸਾਰ ਪੂਰਣ ਕਾਲੀ ਮੈਂਬਰਾਂ ਦੀ ਸਮਰੱਥਤਾ ਤੋਂ ਬਾਹਰ ਸਟੇਸ਼ਨਰੀ, ਛੱਪਣ ਸਬੰਧੀ ( ਪ੍ਰਿੰਟਿੰਗ ) ਸਮੱਗਰੀ ਅਤੇ ਵਰਦੀਆਂ ਦਾ ਕਪੜਾ ਖਰੀਦਣ ਦੇ ਸਬੰਧ ਵਿੱਚ ਕੇਸ।

24. ਸਟੋਰਾਂ ਦੀ ਵਿਕਰੀ ਦੇ ਸਬੰਧ ਵਿੱਚ ਕੇਸ ਜਿਸ ਵਿੱਚ ਰਹਿੰਦ- ਖੂੰਹਦ ( scrap ) ਅਤੇ ਅਣ-ਵਰਤੋਂ ਯੋਗ ਸਮੱਗਰੀ ਵੀ ਸ਼ਾਮਲ ਹੈ, ਜੋ ਕਿ ਬੋਰਡ ਦੇ ਖਰੀਦ ਵਿਨਿਯਮਾਂ ਵਿੱਚ ਉਪਬੰਧ ਕੀਤੇ ਅਨੁਸਾਰ ਪੂਰਣ ਕਾਲੀ ਮੈਂਬਰਾਂ ਦੀ ਸਮਰੱਥਤਾ ਤੋਂ ਬਾਹਰ ਹੈ ਅਰਥਾਤ ਇਕ ਕਰੋੜ ਰੁ. ਤੋਂ ਵੱਧ ਹੈ।

25. ਅਤਿਰਿਕਤ ਜਾਂ ਨਿੱਜੀ ਤਨਖਾਹ/ ਭੱਤਿਆਂ ਦੀ ਮੰਨਜ਼ੂਰੀ।

**ਅ.** ਮੁੜ- ਮੁਲਾਜ਼ਮਤ ਲਈ ਸਾਰੇ ਗਜ਼ਟੀ ਅਧਿਕਾਰੀਆਂ ਦੇ ਕੇਸਾਂ ਨੂੰ ਫੈਸਲੇ ਲਈ ਬੋਰਡ ਕੋਲ ਪੇਸ਼ ਕੀਤਾ ਜਾਵੇਗਾ।

**ੲ.** ਮੁੱਖ ਇੰਜੀਨੀਅਰਾਂ ਅਤੇ ਇਸ ਦੇ ਬਰਾਬਰ ਦੇ ਰੈਂਕ ਦੇ ਅਧਿਕਾਰੀਆਂ ਦੇ ਸਬੰਧ ਵਿੱਚ ਨਿਮਨ ਦਰਜ ਕੇਸਾਂ ਨੂੰ ਫੈਸਲੇ ਲਈ ਬੋਰਡ ਕੋਲ ਪੇਸ਼ ਕੀਤਾ ਜਾਵੇਗਾ : -

(1) ਨਿਯੁਕਤੀਆਂ / ਤਰੱਕੀਆਂ ( ਪਦ-ਉਨਤੀਆਂ )
(2) 55 ਸਾਲ ਦੀ ਉਮਰ ਹੋ ਜਾਣ ਉਤੇ ਰੱਖੀ-ਰੱਖਣ/ ਸੇਵਾ ਨਿਵਿਰਤੀ।
(3) ਅਸਤੀਫੇ ਦੀ ਪ੍ਰਵਾਨਗੀ।
(4) ਤੈਨਾਤੀਆਂ ਅਤੇ ਬਦਲੀਆਂ।

# ਦੂਜੀ ਅਨੁਸੂਚੀ

ਕੇਸਾਂ ਦੀਆਂ ਨਿਮਨ ਦਰਜ ਸ਼੍ਰੇਣੀਆਂ ਪੂਰਣ ਕਾਲੀ ਮੈਂਬਰਾਂ ਨੂੰ ਭੇਜੀਆਂ ਜਾਣਗੀਆਂ : –

I. (i) 1. ਅਗਜ਼ਟੀ ਆਸਾਮੀਆਂ ਦੀ ਰਚਨਾ ਕਰਨਾ ਅਤੇ ਆਰਜ਼ੀ ( temporary ) ਚਾਰਜਾਂ/ ਆਸਾਮੀਆਂ ਦੀ ਲਗਾਤਾਰਤਾ ਜਿਨ੍ਹਾਂ ਦੀ ਵਿਤ ਸੈਕਸ਼ਨ ਸਹਿਮਤੀ ਨਹੀਂ ਦਿੰਦਾ। (ਅਨੁਲੱਗ 'ੲ' ਪੰਨਾ ਨੰ: – 19 ਵੀ ਵੇਖੋ )

2. ਉਹ ਕੇਸ ਜਿਹਨਾਂ ਵਿੱਚ ਬਿਨਾਂ ਪਰਿਵਰਤਣ ( diversion) ਦੇ ਗਜ਼ਟੀ / ਅਗਜ਼ਟੀ ਆਸਾਮੀਆਂ ਦੀ ਤਾਜ਼ੀ ਰਚਨਾ ਸ਼ਾਮਲ ਹੈ ਅਤੇ ਨਵੇਂ ਦਫਤਰਾਂ/ ਚਾਰਜਾਂ ਨੂੰ ਇਸ ਤੋਂ ਪਹਿਲਾਂ ਵਾਂਗ ਨਿਪਟਾਇਆ ਜਾਣਾ ਜਾਰੀ ਰੱਖਿਆ ਜਾ ਸਕਦਾ ਹੈ ਅਰਥਾਤ ਅਗਜ਼ਟੀ ਆਸਾਮੀਆਂ ਦੀ ਤਾਜ਼ਾ ਰਚਨਾ ਸਬੰਧਤ ਮੈਂਬਰ, ਮੈਂਬਰ/ ਵਿਤ ਤੇ ਲੇਖਾ ਅਤੇ ਚੇਅਰਮੈਨ ਦੁਆਰਾ ਪ੍ਰਵਾਨ ਕੀਤੀ ਜਾ ਸਕਦੀ ਹੈ ਅਤੇ ਗਜ਼ਟੀ ਆਸਾਮੀਆਂ ਦੀ ਰਚਨਾ ਅਤੇ ਨਵੇਂ ਦਫਤਰਾਂ/ ਚਾਰਜਾਂ ਦੀ ਰਚਨਾ ਪੂਰਣ ਬੋਰਡ ਦੁਆਰਾ ਪ੍ਰਵਾਨ ਕੀਤੀ ਜਾਵੇਗੀ।

(ii) (ੳ). ਉਹ ਕੇਸ ਜਿਨ੍ਹਾਂ ਵਿੱਚ ਨਿਯਮਾਂ ਦੀ ਛੋਟ ( relaxation ) ਵਿੱਚ ਪੇਸ਼ਗੀ ਸਾਲਾਨਾ ਤਰੱਕੀਆਂ ( increments ) ਸ਼ਾਮਲ ਹਨ।

(ਅ) ਉਹ ਕੇਸ ਜਿਨ੍ਹਾਂ ਵਿੱਚ ਕਾਰਜਕਾਰੀ ਇੰਜੀਨੀਅਰਾਂ ਅਤੇ ਇਸ ਦੇ ਬਰਾਬਰ ਦੇ ਰੈਂਕ ਦੀਆਂ ਆਸਾਮੀਆਂ ਅਤੇ ਇਸ ਤੋਂ ਉਪਰਲੇ ਰੈਂਕ ਦੀਆਂ ਆਸਾਮੀਆਂ ਦੇ ਸਬੰਧ ਵਿੱਚ ਨਿਯਮਾਂ ਦੀ ਛੋਟ ਵਿੱਚ ਤਨਖਾਹ ਨਿਸਚਿਤ ਕਰਨਾ ਸ਼ਾਮਲ ਹੈ।

(iii) ਮੁੱਖ ਇੰਜੀਨੀਅਰਾਂ ਅਤੇ ਮੁੱਖ ਲੇਖਾ ਅਫਸਰ ਨੂੰ ਸੌਂਪੇ ਗਏ ਅਖਤਿਆਰਾਂ ਦੀ ਸੀਮਾਂ ਤੋਂ ਵੱਧ ਮਾਲੀਏ ਦੀ ਛੋਟ ( remission ).

(iv) ਅਧਿਕਾਰੀਆਂ ਨੂੰ ਵਿਭਾਗੀ ਲੇਖਾ ਪ੍ਰੀਖਿਆਵਾਂ ਪਾਸ ਕਰਨ ਲਈ ਵਿਸ਼ੇਸ਼ ਅਵਸਰ ਦੇਣਾ।

(v) ਨਿਮਨ ਦਰਜ ਕੈਟਾਗਰੀਆਂ ਦੇ ਸਬੰਧ ਵਿੱਚ 55 ਸਾਲ ਦੀ ਉਮਰ ਹੋ ਜਾਣ ਉਤੇ ਤਜਵੀਜ਼ : –

1. ਨਿਗਰਾਨ ਇੰਜੀਨੀਅਰ : ਕੇਵਲ ਸੇਵਾ ਨਿਵਿਰਤੀ ਲਈ।
2. ਕਾਨੂੰਨੀ ਸਲਾਹਕਾਰ )
3. ਵਿਤੀ ਸਲਾਹਕਾਰ ) ਸੇਵਾ ਨਿਵਿਰਤੀ/ ਕਾਇਮੀ ( retention ) ਲਈ
4. ਨਿਰਦੇਸ਼ਕ ਲੋਕ ਸੰਪਰਕ )

(vi) ਪਹਿਲੀ ਅਨੁਸੂਚੀ ਦੇ ਅੰਤਰਗਤ ਆਈਆਂ ਤਜਵੀਜ਼ਾਂ ਤੋਂ ਹੋਰਵੇਂ ਤਜਵੀਜਾਂ, ਜਿਨ੍ਹਾਂ ਲਈ ਵਿਤ ਸੈਕਸ਼ਨ ਨਾਲ ਸਲਾਹ- ਮਸ਼ਵਰੇ ਦੀ ਲੋੜ ਹੈ ਅਤੇ ਜਿਨ੍ਹਾਂ ਲਈ ਵਿਤ ਸੈਕਸ਼ਨ ਮੰਨਜ਼ੂਰੀ ਨਹੀਂ ਦਿੰਦਾ।

(vii) ਰਾਜ ਜਾਂ ਕੇਂਦਰੀ ਸਰਕਾਰ ਦੁਆਰਾ ਸਥਾਪਿਤ ਕੀਤੀਆਂ ਗਈਆਂ ਵੱਖ ਵੱਖ ਕਮੇਟੀਆਂ ਜਿਥੇ ਬੋਰਡ ਦੀ ਤਰਫੋਂ ਕੋਈ ਅੰਤਮ ਵਚਨਬੱਧਤਾ ਸ਼ਾਮਲ ਹੋਵੇ, ਵਿੱਚ ਬੋਰਡ ਦੀ ਪ੍ਰਤਿਨਿਧਤਾ ਕਰਨ ਲਈ ਸਾਰੇ ਗਜ਼ਟੀ ਅਧਿਕਾਰੀਆਂ ਦੀ ਚੋਣ ਅਤੇ ਨਿਯੁਕਤੀ।

(viii) (ੳ) ਸਾਰੇ ਮਹੱਤਵਪੂਰਣ ਲੇਖਾ- ਪੜਤਾਲ ਇਤਰਾਜ਼ ਅਤੇ ਨਿਰੀਖਣ ਰਿਪੋਰਟਾਂ ਆਦਿ, ਜਿਨ੍ਹਾਂ ਵਿੱਚ 25,000/- ਰੁ. ਤੋਂ ਵੱਧ ਦਾ ਨੁਕਸਾਨ/ ਵਸੂਲੀ ਸੰਮਿਲਤ ਹੋਵੇ ਅਤੇ ਜਿਸ ਵਿੱਚ ਅਧਿਕਾਰੀ ਦਾ ਆਚਰਣ ਲਿਪਤ ( involved ) ਹੋਵੇ ਅਤੇ ਅਣਗਹਿਲੀ ਲਈ ਜ਼ਿੰਮੇਵਾਰੀ/ ਨੁਕਸਾਨ ਨਿਰਧਾਰਿਤ ਕੀਤੀ ਜਾਣੀ / ਕੀਤਾ ਜਾਣਾ ਹੋਵੇ।

(ਅ) ਨੁਕਸਾਨ ਨੂੰ ਵੱਟੇ ਖਾਤੇ ਪਾਉਣ ਵਾਲੇ ਕੇਸ ਜਿਥੇ 50,000/- ਰੁ. ਤੋਂ ਵੱਧ ਦੀ ਕੋਈ ਜ਼ਿੰਮੇਵਾਰੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

(ix) ਉਹ ਕੇਸ ਜਿਨ੍ਹਾਂ ਵਿੱਚ ਸ਼੍ਰੇਣੀ III ਤੇ IV ਤੋਂ ਹੋਰਵੇਂ ਸਾਰੇ ਕਰਮਚਾਰੀਆਂ ਲਈ ਵਿਸ਼ੇਸ਼ ਤਨਖਾਹ ਦੀ ਮੰਨਜ਼ੂਰੀ ਦੇਣੀ ਸ਼ਾਮਲ ਹੋਵੇ।

## II. ਨਿਗਰਾਨ ਇੰਜੀਨੀਅਰਾਂ ਅਤੇ ਇਸ ਤੋਂ ਉਪਰਲੇ ਅਧਿਕਾਰੀਆਂ ਦੇ ਕੇਸ : -

(i) ਨਿਯੁਕਤੀ/ ਤਰੱਕੀ, ਅਸਤੀਫੇ ਦੀ ਪ੍ਰਵਾਨਗੀ ( ਮੁੱਖ ਇੰਜੀਨੀਅਰਾਂ ਅਤੇ ਇਸ ਦੇ ਬਰਾਬਰ ਦੇ ਰੈਂਕ ਦੇ ਅਧਿਕਾਰੀਆਂ ਤੋਂ ਬਿਨਾਂ )

(ii) ਮੁੱਖ ਇੰਜੀਨੀਅਰਾਂ, ਨਿਗਰਾਨ ਇੰਜੀਨੀਅਰਾਂ, ਮੁੱਖ ਲੇਖਾ ਅਫਸਰਾਂ/ ਮੁੱਖ ਲੇਖਾ ਪੜਤਾਲ- ਕਾਰ ਦੇ ਸਬੰਧ ਵਿੱਚ ਭਾਰਤ ਸਰਕਾਰ/ ਰਾਜ ਸਰਕਾਰ ਜਾਂ ਕਿਸੇ ਹੋਰ ਰਾਜ ਬਿਜਲੀ ਬੋਰਡ ਵਿੱਚ ਮੁੱਢਲੀ ਪ੍ਰਤਿਨਿਯੁਕਤੀ ( deputation )।

(iii) ਪੂਰਵ ਜਾਂਚ- ਪੜਤਾਲ/ ਇਨਕੁਆਰੀ ਮਗਰੋਂ ਚਿਤਾਵਨੀ ਦਾ ਜਾਰੀ ਕਰਨਾ ਜਿਸ ਦੀ ਇਕ ਕਾਪੀ ਸਬੰਧਤ ਅਧਿਕਾਰੀ ਦੀ ਯੋਗਤਾ ਰਿਪੋਰਟ ਫਾਈਲ ਵਿੱਚ ਰੱਖੀ ਜਾਣੀ ਹੈ।

## III. ਅਗਜ਼ਟੀ ਅਮਲੇ ਨਾਲ ਸਬੰਧਤ ਕੇਸ : -

(i) ਵੱਧ ਵਰ੍ਹਾ ( superannuation ) ਦੀ ਤਾਰੀਖ ਵਧਾਉਣ ਅਤੇ ਸੇਵਾ ਵਿੱਚ ਪਹਿਲੇ ਪ੍ਰਵੇਸ਼ ਲਈ ਘੱਟ ਤੋਂ ਘੱਟ ਉਮਰ ਨਿਸ਼ਚਿਤ ਕਰਨ।

(ii) ਮੁੜ- ਨਿਯੁਕਤੀ ( Re-emploment )

## IV. ਫੁਟਕਲ ਕੇਸ : -

(i) ਖਰੀਦ ਕਮੇਟੀ ਦੀ ਸਮਰੱਥਤਾ ਜਿਵੇਂ ਕਿ ਬੋਰਡ ਦੇ ਖਰੀਦ ਵਿਨਿਯਮਾਂ ਵਿੱਚ ਉਪਬੰਧ ਕੀਤੀ ਗਈ ਹੈ, ਤੋਂ ਬਾਹਰ ਦੀ ਖਰੀਦ ਦੇ ਨਾਲ ਸਬੰਧਤ ਕੇਸ।

(ii) ਬੋਰਡ ਦੁਆਰਾ ਪ੍ਰਵਾਨਤ ਖਰੀਦ ਤਜ਼ਵੀਜ਼ਾਂ ਦੀ ਸੋਧ ਨੂੰ, ਜਿਥੋਂ ਤੱਕ ਕਿ ਖਾਸ ਉਪਕਰਣ ਦੀ ਕੁਲ ਕੀਮਤ 5% ਤੱਕ ਪ੍ਰਵਾਨਤ ਕੀਮਤ ਤੋਂ ਵੱਧ ਨਹੀਂ ਜਾਂਦੀ, ਪ੍ਰਵਾਨ ਕਰਨਾ।

(iii) 1 ਕਰੋੜ ਰੁ. ਤੱਕ ਦੇ ਨਿਪਟਾਰਾ ( disposal ) ਕਮੇਟੀ ਦੀ ਸਮਰੱਥਤਾ ਤੋਂ ਵੱਧ ਸਟੋਰਾਂ ਨੂੰ ਵੇਚਣ ਨਾਲ ਸਬੰਧਤ ਕੇਸ ਜਿਨ੍ਹਾਂ ਵਿੱਚ ਰਹਿੰਦ- ਖੂੰਹਦ ( scrap ) ਅਤੇ ਵਰਤੋਂ ਅਯੋਗ ( unserviceable ) ਸਮੱਗਰੀ ਦੀ ਵਿਕਰੀ/ ਨਿਪਟਾਰਾ ਸ਼ਾਮਲ ਹੈ।

(iv) ਅਨੁਮਾਨਤ : (ੳ) ਜਿਨ੍ਹਾਂ ਵਿੱਚ ਕੋਈ ਪ੍ਰਾਜੈਕਟ ਉਪਬੰਧ ਦਾ ਨਾ ਹੋਵੇ ਜਾਂ ਅਣਉਚਿਤ ਪ੍ਰਾਜੈਕਟ ਉਪਬੰਧ ਹੋਵੇ ਭਾਵੇਂ ਕਿ ਮੰਨਜ਼ੂਰ- ਸ਼ੁਦਾ ਅਨੁਮਾਨਾਂ ਨੂੰ ਚਾਰਜ ਕਰਨ ਯੋਗ ਹਨ ; ਅਤੇ

(ਅ) ਪ੍ਰਾਜੈਕਟ/ ਸਕੀਮ ਨੂੰ ਚਾਰਜ ਕਰਨ ਯੋਗ ਜੋ ਕਿ ਸਮਰੱਥ ਅਥਾਰਟੀ ਦੁਆਰਾ ਅੱਜੇ ਮੰਨਜ਼ੂਰ ਕੀਤੇ ਜਾਣੇ ਹੋਣ।

(v) ਖਰੀਦ ਕਮੇਟੀ ਦੀ ਸਮਰੱਥਤਾ ਜਿਵੇਂ ਕਿ ਬੋਰਡ ਦੇ ਖਰੀਦ ਵਿਨਿਯਮਾਂ ਵਿੱਚ ਉਪਬੰਧ ਕੀਤੀ ਗਈ ਹੈ, ਤੋਂ ਬਹਾਰ ਸਟੇਸ਼ਨੀ, ਪ੍ਰਿੰਟਿੰਗ ਸਮੱਗਰੀ ਅਤੇ ਵਰਦੀਆਂ ਦੇ ਕਪੜੇ ਦੀ ਖਰੀਦ ਕਰਨ ਨਾਲ ਸਬੰਧਤ ਕੇਸ।

(vi) ਬੋਰਡ ਕਰਮਚਾਰੀਆਂ ਦੀਆਂ ਯੂਨੀਅਨਾਂ/ ਐਸੋਸੀਏਸ਼ਨਾਂ ਦੇ ਪ੍ਰਤਿਨਿਧਾਂ ਦੀ ਉਨ੍ਹਾਂ ਦੀਆਂ ਮੰਗਾਂ ਸੁਣਨ ਲਈ ਮੀਟਿੰਗ।

## ਅਨੁਲੱਗ : 'ਓ'

# ਮੁਕੱਦਮਾ ਸ਼ੁਰੂ ਕਰਨ ਜਾਂ ਸਫਾਈ ਪੱਖ ਪੇਸ਼ ਕਰਨ ( defence ) ਲਈ ਕੰਟਰੋਲਿੰਗ ਅਥਾਰਟੀ ਅਤੇ ਕਾਰਜਵਿਧੀ

1. **ਸਕੱਤਰ ਬੋਰਡ : -**

(i) ਬੋਰਡ ਕਰਮਚਾਰੀ ਦੁਆਰਾ ਜਾਂ ਵਿਰੁੱਧ ਮੁਕੱਦਮੇ ਦੇ ਕੇਸ ਵਿੱਚ ਜਿਸ ਵਿੱਚ ਬੋਰਡ ਕਰਮਚਾਰੀ ਨੂੰ ਉਸ ਦੀ ਦਫਤਰੀ ਡਿਊਟੀ ਪਾਲਣ ਕਰਨ ਵਿੱਚ ਅਪਰਾਧ ਪੂਰਣ ਆਚਰਣ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ।

(ii) ਹਾਈ ਕੋਰਟ, ਸੁਪਰੀਮ ਕੋਰਟ ਜਾਂ ਵਿਸ਼ੇਸ਼ ਟ੍ਰਿਬਿਊਨਲਾਂ ਵਿੱਚਲੀਆਂ ਸਾਰੀਆਂ ਕਾਰਵਾਈਆਂ।

ਪਰੰਤੂ ਸ਼ਰਤ ਇਹ ਹੈ ਕਿ ਜਿਥੇ ਬੋਰਡ ਦੇ ਚੇਅਰਮੈਨ ਜਾਂ ਮੈਂਬਰ ਵਿਰੁੱਧ ਅਪਰਾਧ ਪੂਰਣ ਆਚਰਣ ਦਾ ਦੋਸ਼ ਲਾਇਆ ਜਾਂਦਾ ਹੈ ਤਾਂ ਬੋਰਡ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

2. **ਸਕੱਤਰ, ਮੁੱਖ ਇੰਜੀਨੀਅਰ : -**

(i) ਭੂਮੀ ਗ੍ਰਹਿਣ ਕਰਨ ਦੇ ਕੇਸਾਂ ਤੋਂ ਹੋਰਵੇਂ ਕੇਸਾਂ ਦੇ ਸਬੰਧ ਵਿੱਚ ਜੋ ਉਸ ਦੇ ਪ੍ਰਸਾਸ਼ਨ ਨੂੰ ਪ੍ਰਭਾਵਿਤ ਕਰਦੇ ਹੋਣ ਪਰੰਤੂ ਮੁੱਲ ਜਾਂ ਰਕਮ ਵਿੱਚ 2,00,000/- ਰੁ. ਤੋਂ ਵੱਧ ਨਾ ਹੋਣ, ਬਸ਼ਰਤੇ ਕਿ ਉਹ ਕੇਸ ਜਿਨ੍ਹਾਂ ਵਿੱਚ 2 ਲੱਖ ਰੁ. ਤੋਂ ਵੱਧ ਦੀ ਰਕਮ ਸ਼ਾਮਲ ਹੋਵੇ, ਮੈਂਬਰ ਇੰਚਾਰਜ ਦੀ ਪੂਰਵ ਪ੍ਰਵਾਨਗੀ ਨਾਲ ਸਕੱਤਰ ਕੰਟਰੋਲਿੰਗ ਅਥਾਰਟੀ ਦੇ ਤੌਰ ਤੇ ਕਾਰਵਾਈ ਕਰੇਗਾ।

(ii) ਭੂਮੀ ਗ੍ਰਹਿਣ ਕਰਨ ਦੇ ਕੇਸਾਂ ਦੇ ਸਬੰਧ ਵਿੱਚ ਜੋ ਉਸ ਦੇ ਪ੍ਰਸਾਸ਼ਨ ਨੂੰ ਪ੍ਰਭਾਵਿਤ ਕਰਦੇ ਹੋਣ ਪਰੰਤੂ ਮੁੱਲ ਜਾਂ ਰਕਮ ਵਿੱਚ 10,00,000/- ਰੁ. ( ਦਸ ਲੱਖ ਰੁ. ) ਤੋਂ ਵੱਧ ਨਾ ਹੋਣ, ਸਕੱਤਰ, ਉਪ ਸਕੱਤਰ, ਮੁੱਖ ਇੰਜੀਨੀਅਰ ਜਿਲਾ ਅਦਾਲਤਾਂ ਵਿੱਚ ਕੇਸਾਂ ਦੇ ਬਚਾਓ ( defence ) ਲਈ ਮੰਨਜ਼ੂਰੀ ਦੇਣ ਲਈ ਕੰਟਰੋਲਿਗ ਅਥਾਰਟੀ ਦੇ ਤੌਰ ਤੇ ਕਾਰਵਾਈ ਕਰ ਸਕਦੇ ਹਨ।

3. **ਨਿਗਰਾਨ ਇੰਜੀਨੀਅਰ : -**

ਉਨ੍ਹਾਂ ਕੇਸਾਂ ਦੇ ਸਬੰਧ ਵਿੱਚ ਜੋ ਮੁੱਲ ਜਾਂ ਰਕਮ ਵਿੱਚ 1 ਲੱਖ ਰੁ. ( ਇੱਕ ਲੱਖ ਰੁ. ) ਤੋਂ ਵੱਧ ਦੇ ਨਹੀਂ ਹਨ।

4. **ਸੀਨੀਅਰ ਕਾਰਜਕਾਰੀ ਇੰਜੀਨੀਅਰ : -**

ਉਨ੍ਹਾਂ ਕੇਸਾਂ ਦੇ ਸਬੰਧ ਵਿੱਚ ਜੋ 50,000/- ਰੁ. ਤੋਂ ਵੱਧ ਦੇ ਨਹੀਂ ਹਨ।

5. ਕਾਨੂੰਨੀ ਅਦਾਲਤ/ ਟ੍ਰੀਬਿਊਨਲ/ ਲੇਬਰ ਕੋਰਟ/ ਸਾਲਸੀ ਕਾਰਵਾਈਆਂ ਦੇ ਸਨਮੁੱਖ ਕਿਸੇ ਹੋਰ ਦੂਜੀਆਂ ਦੀਵਾਨੀ (ਸਿਵਲ) ਕਾਰਵਾਈਆਂ ਦੇ ਸਬੰਧ ਵਿੱਚ ਕ੍ਰਮਵਾਰ ਸਕੱਤਰ/ ਮੁੱਖ ਇੰਜੀਨੀਅਰ/ ਮੁੱਖ ਲੇਖਾ ਅਫਸਰ/ ਮੁੱਖ ਲੇਖਾ- ਪੜਤਾਲਕਾਰ/ ਵਿਤੀ ਸਲਾਹਕਾਰ/ ਨਿਗਰਾਨ ਇੰਜੀਨੀਅਰ/ ਕਾਰਜਕਾਰੀ ਇੰਜੀਨੀਅਰ ਕਾਰਵਾਈਆਂ ਸ਼ੁਰੂ ਕਰਨ ਜਾਂ ਬਚਾਓ ਪੱਖ ਪੇਸ਼ ਕਰਨ ਦੀ ਮੰਨਜ਼ੂਰੀ ਦੇਣ ਦੇ ਮੰਤਵ ਵਾਸਤੇ ਸਮਰੱਥ ਕੰਟਰੋਲਿੰਗ ਅਧਿਕਾਰੀ (ਅਥਾਰਟੀ) ਹੋਣਗੇ।

6. ਕੰਟਰੋਲਿੰਗ ਅਥਾਰਟੀ ਦੀਆਂ ਸ਼ਕਤੀਆਂ, ਜਿਵੇਂ ਕਿ ਪੂਰਵ-ਵਰਤੀ ਉਪ ਨਿਯਮ ਵਿੱਚ ਉਲਿਖਤ ਕੀਤੀਆਂ ਗਈਆਂ ਹਨ, ਬੋਰਡ ਦੇ ਕਾਨੂੰਨੀ ਸੈਕਸ਼ਨ ਦੀ ਸਲਾਹ- ਮਸ਼ਵਰੇ ਨਾਲ ਵਰਤੀਆਂ ਜਾਣਗੀਆਂ।

7. ਨਿਮਨ ਦਰਜ ਅਧਿਕਾਰੀ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਜਾਂ ਦੀ ਤਰਫੋਂ ਅਦਾਲਤ ਵਿੱਚ ਜਾਂ ਕਿਸੇ ਅਥਾਰਟੀ ਜਾਂ ਟ੍ਰਿਬਿਊਨਲ ਜਾਂ ਕਿਸੇ ਸਾਲਸੀ ਕਾਰਵਾਈਆਂ ਵਿੱਚ ਅਣਨਿਪਟਾਈਆਂ ( pending ) ਜਾਂ ਸ਼ੁਰੂ ਕੀਤੀਆਂ ਜਾਣ ਵਾਲੀਆਂ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਜਾਂ ਵਿਰੁੱਧ ਸਾਰੀਆਂ ਕਾਨੂੰਨੀ ਕਾਰਵਾਈਆਂ ਦੇ ਸਬੰਧ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦੀ ਤਰਫੋਂ ਕਿਸੇ ਦਾਅਵੇ, ਬਿਨੈ ਪੱਤਰ, ਪਟੀਸ਼ਨ, ਲਿਖਤੀ ਸਟੇਟਮੈਂਟ, ਜਵਾਬ ਦਾਅਵਾ, ਹਲਫੀਆ ਬਿਆਨ ਅਤੇ ਕੋਈ ਹੋਰ ਕਾਨੂੰਨੀ ਲਿਖਤ ( instrument ) ਜਾਂ ਦਸਤਾਵੇਜ਼ ਜਾਂ ਕਿਸੇ ਕੌਂਸਲ ਦਾ ਮੁਖਤਿਆਰਨਾਮਾ ਹਸਤਾਖਰ ਕਰਨ, ਤਸਦੀਕ (attest ) ਕਰਨ ਅਤੇ ਪ੍ਰਮਾਣਿਤ ਕਰਨ ਲਈ ਅਧਿਕਾਰਿਤ ਹਨ : -

(i) ਪੰਜਾਬ ਰਾਜ ਬਿਜਲੀ ਬੋਰਡ ਦੇ ਸਕੱਤਰ, ਉਪ ਸਕੱਤਰ, ਅਧੀਨ ਸਕੱਤਰ ਪੰਜਾਬ ਰਾਜ ਦੇ ਅੰਦਰ ਅੰਦਰ ਜਾਂ ਤੋਂ ਬਾਹਰ ਕਿਸੇ ਵੀ ਅਦਾਲਤ ਜਾਂ ਸਾਲਸੀ ਕਾਰਵਾਈਆਂ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦੀ ਤਰਫੋਂ ਜਾਂ ਵਿਰੁੱਧ ਉਤਪੰਨ ਹੋਏ ਆਮ ਤੌਰ ਤੇ ਸਾਰੇ ਕੇਸਾਂ ਲਈ।

(ii) ਸਾਰੇ ਅਧਿਕਾਰੀ ਜੋ ਕਾਰਜਕਾਰੀ ਇੰਜੀਨੀਅਰ ਦੇ ਪਦਵੀ ਤੋਂ ਹੇਠਲੇ ਰੈਂਕ ਅਤੇ ਮੁੱਖ ਇੰਜੀਨੀਅਰ ਤੱਕ ਦੇ ਰੈਂਕ ਤੋਂ ਉਪਰ ਰੈਂਕ ਦੇ ਨਾ ਹੋਣ, ਉਨ੍ਹਾਂ ਦੇ ਅਧਿਕਾਰ- ਖੇਤਰ ( jurisdiction ) /ਜੋਨਜ਼ /ਚਾਰਜ ਦੇ ਅੰਦਰ ਅੰਦਰ ਉਤਪੰਨ ਹੋਣ ਵਾਲੇ ਕੇਸਾਂ ਜਾਂ ਕਾਰਵਾਈਆਂ ਦੇ ਸਬੰਧ ਵਿੱਚ।

(iii) ਮੁੱਖ ਲੇਖਾ ਅਫਸਰ/ ਮੁੱਖ ਲੇਖਾ ਪੜਤਾਲਕਾਰ/ ਵਿਤੀ ਸਲਾਹਕਾਰ/ ਉਪ ਵਿਤੀ ਸਲਾਹਕਾਰ/ ਉਪ ਮੁੱਖ ਲੇਖਾ ਪੜਤਾਲਕਾਰ/ ਉਪ ਮੁੱਖ ਲੇਖਾ ਅਫਸਰ ਅਤੇ ਸੀਨੀਅਰ ਲੇਖਾ ਅਫਸਰ, ਉਨ੍ਹਾਂ ਦੇ ਅਧਿਕਾਰ- ਖੇਤਰ ( jurisdiction ) /ਚਾਰਜ ਦੇ ਅੰਦਰ ਅੰਦਰ ਉਤਪੰਨ ਹੋਣ ਵਾਲੇ ਕੇਸਾਂ ਜਾਂ ਕਾਰਵਾਈਆਂ ਦੇ ਸਬੰਧ ਵਿੱਚ।

**ਅਨੁਲਗ 'ਅ'**

# ਮੰਨਜ਼ੂਰੀ ਲਈ ਪ੍ਰਫਾਰਮਾ

# ਪੰਜਾਬ ਰਾਜ ਬਿਜਲੀ ਬੋਰਡ

ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ 79 (ਚ) ਅਧੀਨ ਬਣਾਏ ਗਏ ਪੰ. ਰਾ. ਬਿ. ਬੋ. ਕਾਰੋਬਾਰ ਸੰਚਾਲਣ ਦੇ ਵਿਨਿਯਮ, 1980 ਦੇ ਵਿਨਿਯਮ 25 ਅਤੇ 26 ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ, ਮੁਕੱਦਮੇ*/ ਅਪੀਲ/ ਦੁਹਰਾਈ (revision)/ ਪੜਚੋਲ*/ ਸਿਵਲ ਰਿਟ ਪਟੀਸ਼ਨ*/ ਸ਼ਾਹੀ ਸਨਦ ਅਪੀਲ ( Letters Patent Appeal ), ਸਾਲਸੀ ਕਾਰਵਾਈਆਂ*, ਭੂਮੀ ਗ੍ਰਹਿਣ ਕਾਰਵਾਈਆਂ, ਵਿਕਰੀ ਕਰ */ ਆਮਦਨ ਕਰ ਕਾਰਵਾਈਆਂ ਜਾਂ ਕੋਈ ਹੋਰ ਦੂਜੀਆਂ ਕਾਰਵਾਈਆਂ ਸ਼ੁਰੂ ਕਰਨ*/ ਬਚਾਓ ਪੱਖ ਪੇਸ਼ ਕਰਨ ਲਈ ਬੋਰਡ ਦੀ ਮੰਨਜ਼ੂਰੀ ਦਿੱਤੀ ਜਾਂਦੀ ਹੈ।

ਪਾਰਟੀ*/ ਪਾਰਟੀਆਂ ਦਾ ਨਾਂ ਦਾਅਵੇਦਾਰ (ਦਾਅਵੇਦਾਰਾਂ) ਬਿਨੈਕਾਰ

ਬਨਾਮ

ਮੁੱਦਾਲਾ* ਉੱਤਰਦਾਤਾ ਦੀ ਪਾਰਟੀ*/ ਪਾਰਟੀਆਂ ਦਾ ਨਾਂ

ਸਮਰੱਥ ਕੰਟਰੋਲਿੰਗ ਅਥਾਰਟੀ
ਦਾ ਨਾਂ ਅਤੇ ਅਹੁਦਾ

( ਜੇਕਰ ਲਾਗੂ ਹੋਣ ਯੋਗ ਨਹੀਂ ਤਾਂ ਕੱਟਿਆ ਜਾ ਸਕਦਾ ਹੈ )

ਪਿੱਠ ਅੰਕਣ ਨੰ: ............................. ਮਿਤੀ ..........................

ਨਿਮਨ ਦਰਜ ਨੂੰ ਉਪਰੋਤ ਦੀ ਕਾਪੀ ਭੇਜੀ ਜਾਂਦੀ ਹੈ : -

1. ਸਕੱਤਰ/ ਕਾਨੂੰਨੀ ਸੈਕਸ਼ਨ, ਪੰ. ਰਾ. ਬਿ. ਬੋ., ਪਟਿਆਲਾ ਨੂੰ ਉਨ੍ਹਾਂ ਦੇ ਮੀਮੋ ਨੰ: .................. ਮਿਤੀ ..................... ਦੇ ਹਵਾਲੇ ਵਿੱਚ।
2. ਮੁੱ. ਇੰ. / ਨਿ. ਇੰ./ ਕਾਰਜਕਾਰੀ ਇੰਜੀ. ( ਜਿਵੇਂ ਵੀ ਕੇਸ ਹੋਵੇ )

## ਅਨੁਲੱਗ – 'ੲ'

# ਪੰਜਾਬ ਰਾਜ ਬਿਜਲੀ ਬੋਰਡ

( ਕਾਡਰ ਸੈਕਸ਼ਨ - 1 )

ਦਫਤਰੀ ਆਦੇਸ਼ ਨੰ: 8623/ ੲ- 1
ਮਿਤੀ 22/5/2000

ਪੰਜਾਬ ਰਾਜ ਬਿਜਲੀ ਬੋਰਡ ਗਜ਼ਟੀ/ ਅਗਜ਼ਟੀ ਆਸਾਮੀਆਂ ਦੀ ਸਮਾਂਨਤਰ ਜਾਂ ਉਚ ਪੱਧਰੀ ਤਨਖਾਹ ਸਕੇਲਾਂ ਦੀਆਂ ਆਸਾਮੀਆਂ ਦਾ ਪਰਿਵਰਤਣ ( diversion ) ਕਰਦਿਆਂ ਰਚਨਾ ਕਰਨ ਲਈ ਪ੍ਰਵਾਨਗੀ ਵਾਸਤੇ ਸਕੱਤਰ/ ਬੋਰਡ, ਮੈਂਬਰ/ ਵਿਤ ਤੇ ਲੇਖਾ ਅਤੇ ਸਬੰਧਤ ਮੈਂਬਰ/ ਇੰਚਾਰਜ (ਜਿਨ੍ਹਾਂ ਅਧੀਨ ਕੋਈ ਵੀ ਆਸਾਮੀ ਰਚੀ ਜਾਣੀ ਹੈ ) ਦੀ ਸਥਾਈ ਉਪ ਕਮੇਟੀ ਸਥਾਪਿਤ ਕਰਨ ਵਿੱਚ ਪ੍ਰਸੰਨਤਾ ਅਨੁਭਵ ਕਰਦਾ ਹੈ। ਅਗਜ਼ਟੀ ਆਸਾਮੀਆਂ ( ਸੋਧੇ ਸਕੇਲ 2130/ 3700 ਤੱਕ ) ਦੀ ਰਚਨਾ ਦੇ ਕੇਸ ਵਿੱਚ ਜੇਕਰ ਸਮਾਂਨਤਰ ਤਨਖਾਹ ਸਕੇਲ ਦੀ ਆਸਾਮੀ ਪਰਿਵਰਤਣ ਲਈ ਉਪਲੱਬਧ ਨਹੀਂ ਹੈ ਤਾਂ ਹੇਠਲੇ ਤਨਖਾਹ ਸਕੇਲ ਦੀਆਂ ਇਕ ਤੋਂ ਵੱਧ ਆਸਾਮੀਆਂ ਦਾ ਪਰਿਵਰਤਣ ਕੀਤਾ ਜਾ ਸਕਦਾ ਹੈ ਤਾਂ ਕਿ ਵਿਤੀ ਅੜਚਨ ਨੂੰ ਸੰਤੁਲਨ ਕੀਤਾ ਜਾ ਸਕੇ। ਪਰੰਤੂ, ਗਜ਼ਟੀ ਆਸਾਮੀਆਂ ਦੇ ਕੇਸ ਵਿੱਚ, ਪਰਿਵਰਤਿਤ ਕੀਤੀ ਜਾਣ ਵਾਲੀ ਆਸਾਮੀ ਰਚੀ ਜਾਣ ਵਾਲੀ ਆਸਾਮੀ ਦੇ ਉਸੀ ਤਨਖਾਹ ਸਕੇਲ ਦੀ ਅਵਸ਼ ਹੋਣੀ ਚਾਹੀਦੀ ਹੈ। ਜੇਕਰ ਵਿਤ ਸੈਕਸ਼ਨ ਤਜ਼ਵੀਜ਼ ਨਾਲ ਸਹਿਮਤ ਨਾ ਹੋਵੇ ਤਦ ਅਗਜ਼ਟੀ ਆਸਾਮੀਆਂ ਦੇ ਕੇਸ ਵਿੱਚ ਕੇਸ ਨੂੰ ਪੂਰਣ ਕਾਲੀ ਮੈਂਬਰਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ ਅਤੇ ਗਜ਼ਟੀ ਆਸਾਮੀਆਂ ਦੇ ਕੇਸ ਵਿੱਚ ਕੇਸ ਪੂਰਣ ਬੋਰਡ ਨੂੰ ਪੇਸ਼ ਕੀਤਾ ਜਾ ਸਕਦਾ ਹੈ।

2. ਬਿਨਾਂ ਪਰਿਵਰਤਿਤ ਕੀਤਿਆਂ ਗਜ਼ਟੀ ਅਤੇ ਅਗਜ਼ਟੀ ਨਵੀਆਂ ਆਸਾਮੀਆਂ ਦੀ ਅਤੇ ਨਵੇਂ ਦਫਤਰਾਂ/ ਚਾਰਜਾਂ ਦੀ ਰਚਨਾ ਨਾਲ ਸਬੰਧਤ ਕੇਸਾਂ ਨੂੰ ਇਸ ਤੋਂ ਪਹਿਲਾਂ ਵਾਂਗ ਹੀ ਨਜਿਠਿਆ ਜਾਣਾ ਜਾਰੀ ਰੱਖਿਆ ਜਾ ਸਕਦਾ ਹੈ ਅਰਥਾਤ ਅਗਜ਼ਟੀ ਆਸਾਮੀਆਂ ਦੀ ਤਾਜ਼ਾ ਰਚਨਾ ਨੂੰ ਸਬੰਧਤ ਮੈਂਬਰ, ਮੈਂਬਰ/ ਵਿ. ਤੇ ਲੇ. ਅਤੇ ਚੇਅਰਮੈਨ ਦੁਆਰਾ ਪ੍ਰਵਾਨ ਜਾ ਸਕਦਾ ਹੈ ਅਤੇ ਨਵੇਂ ਚਾਰਜਾਂ /ਦਫਤਰਾਂ ਦੀ ਰਚਨਾ ਦੇ ਕੇਸਾਂ ਨੂੰ ਪੂਰਣ ਬੋਰਡ ਦੁਆਰਾ ਪ੍ਰਵਾਨ ਕੀਤਾ ਜਾਵੇਗਾ।

3. ਪੰ. ਰਾ. ਬਿ. ਬੋ. ਕਾਰੋਬਾਰ ਸੰਚਾਲਣ ਦੇ ਵਿਨਿਯਮ, 1980 ਦੇ ਪਹਿਲੀ ਅਨੁਸੂਚੀ ਅਤੇ ਦੂਜੀ ਅਨੁਸੂਚੀ ਵਿੱਚ ਦਿੱਤੇ ਗਏ ਉਪਬੰਧਾਂ ਨੂੰ ਉਪਰੋਕਤ ਹੱਦ ਤੱਕ ਸੋਧਿਆ ਗਿਆ ਸਮਝਿਆ ਜਾਵੇ।

ਇਹ ਪੂਰਣ ਬੋਰਡ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

( ਇੰ. ਬੀ. ਕੇ. ਬਿੰਦਲ )
ਜੁਆਇੰਟ ਸਕੱਤਰ/ ਪ੍ਰਸੋਨਲ

# ਪੰਜਾਬ ਰਾਜ ਬਿਜਲੀ ਬੋਰਡ

**ਦਫਤਰੀ ਆਦੇਸ਼ ਨੰ: 4353/ ਪੰ. ਰਾ. ਬਿ. ਬੋ./ ਬੀ ਡੀ - 639**

ਮਿਤੀ 25-11-80

ਇਸ ਦਫਤਰੀ ਆਦੇਸ਼ ਨੰ: 4348/ ਪ. ਰਾ. ਬਿ. ਬੋ. ਮਿਤੀ 3-9-80 ਰਾਹੀਂ ਜਾਰੀ ਕੀਤੇ ਗਏ ਪੰ. ਰਾ. ਬਿ. ਬੋ. ਕਾਰੋਬਾਰ ਸੰਚਾਲਣ ਦੇ ਵਿਨਿਯਮ, 1980 ਦੇ ਵਿਨਿਯਮ 8 ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ, ਚੇਅਰਮੈਨ ਸਾਹਿਬ ਨੇ ਬੋਰਡ ਦੀ ਤਰਫੋਂ ਬਿਜਲੀ ਟੈਰਿਫ ਨਾਲ ਸਬੰਧਤ ਹਦਾਇਤਾਂ/ ਸੋਧਾਂ ਜਾਰੀ ਕਰਨ ਲਈ ਮੁੱਖ ਇੰਜੀਨੀਅਰ/ ਵੰ. ਸਿ. (ਉਤਰ), ਡਾਇਰੈਕਟਰ/ ਵਣਜ ਅਤੇ ਉਪ ਡਾਇਰੈਕਟਰ, ਵਣਜ ਡਾਇਰੈਕਟੋਰੇਟ ਨੂੰ ਸੁਸ਼ਕਤ/ ਅਧਿਕਾਰਿਤ ( empowered ) ਕੀਤਾ ਹੈ।

ਸਹੀ/-
ਅਧੀਨ ਸਕੱਤਰ/ ਪੀ ਤੇ ਆਰ
ਵਾ: ਸਕੱਤਰ, ਪੰ. ਰਾ. ਬਿ. ਬੋ., ਪਟਿਆਲਾ।

# ਪੰਜਾਬ ਰਾਜ ਬਿਜਲੀ ਬੋਰਡ

**ਦਫਤਰੀ ਆਦੇਸ਼ ਨੰ: 4356/ ਪੰ. ਰਾ. ਬਿ. ਬੋ./ ਬੀ ਡੀ - 639**

**ਮਿਤੀ 27-1-81**

ਇਸ ਦਫਤਰੀ ਆਦੇਸ਼ ਨੰ: 4348/ ਪ. ਰਾ. ਬਿ. ਬੋ. ਮਿਤੀ 3-9-80 ਰਾਹੀਂ ਜਾਰੀ ਕੀਤੇ ਗਏ ਪੰ. ਰਾ. ਬਿ. ਬੋ. ਕਾਰੋਬਾਰ ਸੰਚਾਲਣ ਦੇ ਵਿਨਿਯਮ, 1980 ਦੇ ਵਿਨਿਯਮ 8 ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ, ਚੇਅਰਮੈਨ ਸਾਹਿਬ ਨੇ ਬੋਰਡ ਦੀ ਤਰਫੋਂ ਵਿਕਰੀ ਦੇ ਮਾਮਲਿਆਂ ਨਾਲ ਸਬੰਧਤ ਬੋਰਡ/ ਪੂਰਣ ਕਾਲੀ ਮੈਂਬਰਾਂ ਦੇ ਫੈਸਲੇ ਸੂਚਿਤ ਕਰਨ ਲਈ ਮੁੱਖ ਇੰਜੀਨੀਅਰ/ ਵੰ. ਸਿ. (ਉਤਰ), ਡਾਇਰੈਕਟਰ/ ਵਣਜ ਅਤੇ ਉਪ ਡਾਇਰੈਕਟਰ, ਵਣਜ ਅਤੇ ਵਣਜ ਡਾਇਰੈਕਟੋਰੇਟ ਦੇ ਉਪ ਡਾਇਰੈਕਟਰ ਨੂੰ ਸੁਸ਼ਕਤ/ਅਧਿਕ੍ਰਿਤ ( empowered ) ਕੀਤਾ ਹੈ।

ਇਹ ਇਸ ਦਫਤਰ ਦੇ ਆਦੇਸ਼ ਨੰ: 4353/ ਪੰ. ਰਾ. ਬਿ. ਬੋ./ ਬੀ ਡੀ - 639 ਮਿਤੀ 25-11-80 ਰਾਹੀਂ ਜਾਰੀ ਕੀਤੇ ਆਦੇਸ਼ਾਂ ਦੀ ਸੋਧ ਵਿੱਚ ਜਾਰੀ ਕੀਤਾ ਜਾਂਦਾ ਹੈ।

ਸਹੀ/-
ਅਧੀਨ ਸਕੱਤਰ/ ਭਲਾਈ
ਵਾ: ਸਕੱਤਰ ਪੰ. ਰਾ. ਬਿ. ਬੋ., ਪਟਿਆਲਾ।